A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 | Regina/Saskatoon : 639 999 1000 : Winnipeg 431 733 3000

Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 10 No: 219 Website : www.punjabiakhbaar.ca Email: editor@punjabiakhbaar.ca Friday, 5 May 2023

## ਮੂਸੇਵਾਲਾ ਦੇ ਕਤਲ ਦਾ ਮਾਸਟਰਮਾਈਂਡ ਗੋਲਡੀ ਬਰਾੜ ਕੈਨੇਡਾ ਦੇ 25 ਮੋਸਟ ਵਾਂਟੇਡ ਭਗੌੜਿਆਂ ਵਿੱਚੋਂ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਕਥਿੱਤ ਮਾਸਟਰਮਾਈਂਡ ਅਤੇ ਲਾਰੈਂਸ ਬਿਸ਼ਨੋਈ ਦੇ ਗਿਰੋਹ ਨਾਲ ਸਬੰਧਤ ਗੋਲਡੀ ਬਰਾੜ ਪੂਰਾ ਨਾਂ ਸਤਿੰਦਰਜੀਤ ਸਿੰਘ ਬਰਾੜ ਨੂੰ ਕੈਨੇਡਾ ਦੇ 25 ਮੋਸਟ ਵਾਂਟੇਡ ਭਗੌੜਿਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੁਆਰਾ ਕਤਲ ਲਈ ਲੋੜੀਂਦੇ, ਬਰਾੜ ਦਾ ਨਾਮ ਜਾਰੀ ਕੀਤੀ ਗਈ ਇੱਕ ਅਪਡੇਟ ਕੀਤੀ ਸੂਚੀ ਵਿੱਚ 'ਬੋਲੋ (ਬੀ ਆਨ ਦਿ ਲੁੱਕਆਊਟ) ਪ੍ਰੋਗਰਾਮ' ਵਿੱਚ ਸ਼ਾਮਲ ਕੀਤਾ ਗਿਆ। ਸੂਚੀ ਵਿੱਚ 15ਵੇਂ ਸਥਾਨ 'ਤੇ ਰਹਿਣ ਵਾਲੇ ਗੋਲਡੀ ਬਰਾੜ 2017 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਪਹੁੰਚਿਆ ਸੀ।ਉਸ ਨੇ ਕਥਿਤ ਤੌਰ 'ਤੇ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ ਅਤੇ ਉਦੋਂ ਤੋਂ ਉਹ ਫਰਾਰ ਹੈ। ਉਹ ਪੰਜਾਬ ਦੇ ਮੁਕਤਸਰ ਦਾ ਰਹਿਣ ਵਾਲਾ ਹੈ। ਇੰਟਰਪੋਲ ਮੁਤਾਬਕ 29 ਸਾਲਾ ਗੋਲਡੀ ਬਰਾੜ ਕਤਲ, ਅਪਰਾਧਿਕ ਸਾਜ਼ਿਸ਼ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਦਾ ਸਾਹਮਣਾ ਕਰ ਰਿਹਾ ਹੈ। ਉਸ ਦੇ ਖਿਲਾਫ ਪਹਿਲਾਂ ਹੀ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ, ਜੋ ਭਗੌੜੇ ਦੀ ਗ੍ਰਿਫਤਾਰੀ ਦੀ ਇਜਾਜ਼ਤ ਦਿੰਦਾ ਹੈ। ਪੰਜਾਬ ਪੁਲਿਸ ਨੇ ਪਿਛਲੇ ਸਾਲ 29 ਮਈ ਨੂੰ ਮਾਨਸਾ ਜ਼ਿਲ੍ਹੇ ਵਿੱਚ ਮੂਸੇਵਾਲਾ ਦੇ ਕਤਲ ਲਈ ਗੋਲਡੀ ਬਰਾੜ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

## ਐਨ ਡੀ ਪੀ ਅਲਬਰਟਾ ਲੀਡਰ ਰੈਚਲ ਨੋਟਲੀ ਨੇ ਵੀ ਚੋਣ ਬਿਗਲ ਵਜਾ ਦਿੱਤਾ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀਆਂ ਵਿਧਾਨ ਸਭਾ ਚੋਣਾਂ ਦਾ ਅਧਿਕਾਰਿਤ ਤੌਰ ਤੇ ਐਲਾਨ ਹੋਣ ਦੇ ਨਾਲ ਹੀ ਸਾਰੀਆਂ ਸਿਆਸੀ ਧਿਰਾਂ ਨੇ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਅਲਬਰਟਾ ਐਨਡੀਪੀ ਲੀਡਰ ਰਚੇਲ ਨੋਟਲੀ ਕੈਲਗਰੀ ਦੇ ਸਾਊਥ ਈਸਟ ਇਲਾਕੇ ਵਿੱਚ ਮੌਜੂਦ ਸਨ। ਇਸ ਮੌਕੇ ਤੇ ਪਾਰਟੀ ਉਮੀਦਵਾਰਾਂ ਅਤੇ ਸਮਰਥਕਾਂ ਦੇ ਨਾਲ਼ ਉਹਨਾਂ ਵੱਲੋਂ ਵੀ ਅਧਿਕਾਰਤ ਤੌਰ ਤੇ ਚੋਣ ਪ੍ਰਚਾਰ ਦੀ ਸ਼ੁਰੂਆਤ ਕਰ ਦਿੱਤੀ ਗਈ। ਉਹਨਾਂ ਯੁਨਾਈਟਿਡ ਕੰਜ਼ਰਵਟਿਵ ਪਾਰਟੀ ਦੀ ਸਰਕਾਰ ਉੱਪਰ ਤਿੱਖੇ ਸ਼ਬਦੀ ਹਮਲੇ ਕਰਦਿਆਂ ਆਖਿਆ ਕਿ ਜੇਕਰ ਉਹਨਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹ ਸਿਹਤ , ਸਿੱਖਿਆ ਅਤੇ ਅਫੋਰਡੇਬਿਲਟੀ ਉੱਪਰ ਕੰਮ ਕਰਨਗੇ। ਉਨ੍ਹਾਂ ਆਖਿਆ ਕਿ ਜੇਕਰ ਸਾਡੀ ਸਰਕਾਰ ਬਣਦੀ ਹੈ ਤਾਂ ਮਜ਼ਬੂਤ ਹੈਲਥ ਕੇਅਰ ਸਿਸਟਮ ਲੈਕੇ ਆਵਾਂਗੇ ਜਿਸ ਦਾ ਮਤਲਬ ਹੈ ਕਿ ਮਰੀਜ਼ਾਂ ਦੀ ਦੇਖਭਾਲ ਹਸਪਤਾਲਾਂ ਦੇ ਕਮਰਿਆਂ ਵਿਚ ਹੋਵੇ ਨਾ ਕਿ ਹਸਪਤਾਲ ਦੇ ਬ੍ਰਾਂਡਿਆਂ ਵਿੱਚ। ਨੋਟਲੀ ਨੇ ਕਿਹਾ ਕਿ ਮਜ਼ਬੂਤ ਹੈਲਥ ਕੇਅਰ ਸਿਸਟਮ ਨਾਲ ਤੁਹਾਡੇ ਕੋਲ ਐਂਬੂਲੈਂਸ ਉਸ ਵਕ਼ਤ ਪਹੁੰਚੇਗੀ ਜਦੋਂ ਤੁਹਾਨੂੰ ਉਸ ਦੀ ਜ਼ਰੂਰਤ ਹੋਵੇਗੀ ਨਾ ਕਿ ?ਦੋਂ ਜਦੋਂ ਐਮਰਜੈਂਸੀ ਖ਼ਤਮ ਹੋ ਚੁਕੀ ਹੋਵੇਗੀ। ਉਨਾਂ ਪਿਛਲੇ ਦਿਨਾਂ ਵਿੱਚ ਬਿਮਾਰ ਬੱਚਿਆਂ ਦੇ ਮਾਪਿਆਂ ਦੀ ਪ੍ਰੇਸ਼ਾਨੀ ਦਾ ਜ਼ਿਕਰ ਕਰਦਿਆਂ ਆਖਿਆ ਕਿ ਕੋਈ ਵੀ ਬੱਚਾ ਜਾਂ ਉਸਦੇ ਮਾਪੇ ਕਦੇ ਵੀ ਅਜਿਹੀ ਸਥਿਤੀ ਵਿੱਚ ਨਹੀਂ ਹੋਣੇ ਚਾਹੀਦੇ। ਉਨ੍ਹਾਂ ਅੱਗੇ ਆਖਿਆ ਕਿ ਤੁਸੀਂ ਮੇਰੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਨਹੀਂ ਵੀ ਹੋ ਸਕਦੇ ਪਰ ਤੁਹਾਨੂੰ ਮੇਰਾ ਪਤਾ ਹੈ ਕਿ ਮੈਂ ਜੋ ਕਹਿੰਦੀ ਹਾਂ ਉਸ ਦਾ ਕੀ ਮਤਲਬ ਹੈ ਪਰ ਡੈਨੀਅਲ ਸਮਿੱਥ ਉਹ ਕਹਿੰਦੀ ਹੈ ਜੋ ਤੁਸੀਂ ਸੁਣਨਾ ਚਾਹੁੰਦੇ ਹੋ ਪਰ ਕਰਦੀ ਉਹ ਹੈ ਜੋ ਉਹ ਸੋਚਦੀ ਹੈ। ਵਰਰਣਯੋਗ ਹੈ ਕਿ ਅਲਬਰਟਾ ਵਿਧਾਨ ਸਭਾ ਦੀਆਂ ਆਮ ਚੋਣਾਂ 29 ਮਈ ਨੂੰ ਹੋਣਗੀਆਂ ਅਤੇ 87 ਸੀਟਾਂ ਵਾਲੀ ਵਿਧਾਨ ਸਭਾ 'ਚ ਸਰਕਾਰ ਬਣਾਉਣ ਲਈ 44 ਸੀਟਾਂ ਜਿੱਤਣੀਆਂ ਜ਼ਰੂਰੀ ਹਨ

ਗੱਲ ਤਾਂ ਪਰਦੇ ਦੀ ਹੀ ਹੈ !
TWC TIMELESS WINDOW COVERINGS
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਡ ਬਣਾਕੇ ਦੇਣਗੇ।
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings

## ਅਲਬਰਟਾ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਚੋਣਾਂ ਦਾ ਬਿਗਲ ਵਜਾਉਂਦਿਆਂ ਲੋਕ ਲੁਭਾਊ ਚੋਣ ਮੈਨੀਫੇਸਟੋ ਵੀ ਜਾਰੀ ਕੀਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਦੀਆਂ 29 ਮਈ ਨੂੰ ਹੋਣ ਵਾਲੀਆਂ ਚੋਣਾਂ ਦਾ ਬੀਤੀ 1 ਮਈ 2023 ਨੂੰ ਅਧਿਕਾਰਤ ਤੌਰ ਤੇ ਐਲਾਨ ਕਰ ਦਿੱਤਾ ਗਿਆ ਹੈ ਜਿਸ ਦੇ ਮੱਦੇਨਜ਼ਰ ਸੱਤਾਧਾਰੀ ਕੰਜ਼ਰਵਟਿਵ ਪਾਰਟੀ ਦੀ ਲੀਡਰ ਡੈਨੀਅਲ ਸਮਿੱਥ ਵੱਲੋਂ ਕੈਲਗਰੀ ਦੇ ਸਾਊਥ ਈਸਟ ਵਿੱਚ ਪਾਰਟੀ ਦੇ ਉਮੀਦਵਾਰਾਂ ਨਾਲ ਚੋਣ ਪ੍ਰਚਾਰ ਦੀ ਸ਼ੁਰੂਆਤ ਕਰ ਦਿੱਤੀ ਗਈ ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਸਮਿਥ ਨੇ ਆਖਿਆ ਜ਼ੇਕਰ ਫਿਰ ਤੋਂ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਟੈਕਸਾਂ ਵਿੱਚ ਕਟੌਤੀ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਮੁੜ ਤੋਂ ਸੱਤਾ ਵਿੱਚ ਆਉਣ ਤੇ ਉਨ੍ਹਾਂ ਲੋਕਾਂ ਲਈ ਜੋ 60,000 ਡਾਲਰ ਸਾਲਾਨਾ ਤੋਂ ਘੱਟ ਕਮਾਉਂਦੇ ਹਨ, ਦੇ ਇਨਕਮ ਟੈਕਸ ਉੱਪਰ 8 ਫ਼ੀਸਦ ਦੀ ਬਰੈਕਟ ਲਗਾਈ ਜਾਵੇਗੀ।

ਇਸ ਦਾ ਮਤਲਬ ਹੈ ਕਿ ਜੋ ਲੋਕ 60 ਹਜ਼ਾਰ ਡਾਲਰ ਜਾਂ ਇਸ ਤੋਂ ਵੱਧ ਕਮਾਉਂਦੇ ਹਨ ਤਾਂ ਇਸ ਨਾਲ ਸਿੰਗਲ ਵਿਅਕਤੀ ਨੂੰ ਸਾਲਾਨਾ 760 ਡਾਲਰ ਤੱਕ ਦੀ ਬੱਚਤ ਹੋਵੇਗੀ ਅਤੇ ਪਰਿਵਾਰ ਨੂੰ ਸਾਲਾਨਾ 1500 ਡਾਲਰ ਤੱਕ ਦੀ ਬੱਚਤ ਹੋਵੇਗੀ। ਇਸ ਤੋਂ ਇਲਾਵਾ ਜਿੰਨਾ ਲੋਕਾਂ ਦੀ ਆਮਦਨ 60 ਹਜ਼ਾਰ ਡਾਲਰ ਸਾਲਾਨਾ ਤੋਂ ਘੱਟ ਹੋਵੇਗੀ ਉਨਾਂ ਦੇ ਪ੍ਰੋਵਿੰਸ਼ੀਅਲ ਟੈਕਸ ਬਿੱਲ ਵਿਚ 20 ਫ਼ੀਸਦ ਦੀ ਕਟੌਤੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਖਿਆ ਕਿ ਜੇਕਰ ਅਸੀਂ ਫਿਰ ਤੋਂ ਸੱਤਾ ਵਿੱਚ ਆਉਂਦੇ ਹਾਂ ਤਾਂ ਇਸ ਸਾਲ ਦੇ ਅੰਤ ਤੱਕ ਫਿਊਲ ਟੈਕਸ ਹੌਲੀਡੇ ਜਾਰੀ ਰੱਖਿਆ ਜਾਵੇਗਾ ਜਿਸ ਨਾਲ ਪ੍ਰਤੀ ਲੀਟਰ 13 ਸੈਂਟ ਦੀ ਬਚਤ ਹੋਵੇਗੀ। ਮਤਲਬ ਜਦੋਂ ਤੁਸੀਂ ਆਪਣੀ ਗੱਡੀ ਦਾ ਟੈਂਕ ਫੁੱਲ ਕਰਵਾਉਂਦੇ ਹੋ ਤਾਂ ਹਰ ਵਾਰ ਔਸਤਨ 10 ਡਾਲਰ ਦੀ ਬੱਚਤ ਹੋਵੇਗੀ।

DENTAL IMPLANT
ਡੈਂਟਲ ਇੰਮਪਲਾਂਟ
NO OBLIGATION CONSULT
Starts From $1499
OUR DENTAL FEES ARE LOWER THAN ALBERTA FEE GUIDE
NEW PATIENTS WELCOME
WALK-IN EMERGENCIES SEEN SAME DAY
✓ WE ACCEPT ALL INSURANCES
✓ DIRECT BILLING TO INSURANCE
✓ FINANCING AVAILABLE
✓ NO OBLIGATION CONSULT
OPEN 7 DAYS A WEEK
DR. KHATTRA & ASSOCIATES
587-356-0555
#130 - 630 Redstone Dr NE, Calgary,AB
WWW.REDSTONESMILESDENTAL.COM
REDSTONE Smiles DENTAL
ਸਾਡਾ ਸਾਰਾ ਸਟਾਫ ਹਿੰਦੀ ਅਤੇ ਪੰਜਾਬੀ ਬੋਲਦਾ ਹੈ।
We speak Urdu, Punjabi and Hindi in addition to English.

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਐ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਅੰਪਾਇਰ ਕੈਲਗਰੀ ਆਓ ਫਿਰ ਦੇਖਿਓ ਜ਼ਿੰਦਗੀ ਦੇ ਰੰਗ
BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4

SOUTH POINT

A MASTER PLANNED COMMUNITY

# 70 ਏਕੜ ਰਿਹਾਇਸੀ ਕਮਿਓਨਿਟੀ ਅਤੇ 50 ਏਕੜ ਦਾ ਕਮਰਸੀਅਲ ਪਿੰਡ

## 13 ਮਈ ਨੂੰ ਆ ਰਿਹਾ ਹੈ





MODERN SINGLE FAMILY HOMES


BACK TO BACK TOWNHOMES


DUPLEX HOMES


SINGLE FAMILY LANE HOMES


URBAN TOWNHOMES


ROWHOMES

403.980.1979 | VESTASOUTHPOINT.COM

VESTA PROPERTIES

Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

## ਬੰਬੀਆਂ ਚੱਲੀਆਂ, ਫੋਰਡ ਦੇ ਫੁਕਾਰੇ, ਬਾਬਿਆਂ ਦੀ ਸੱਥ ਦੇ ਨਜ਼ਾਰੇ

# ਸੱਥ ਮਲਵਈਆਂ ਦੀ ਨੇ ਕੈਲਗਰੀ ਵਾਸੀਆਂ ਦੀ ਸ਼ਾਮ ਯਾਦਗਾਰੀ ਬਣਾਈ










ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਦੇਸੀ ਹੋਏ ਪੰਜਾਬੀਆਂ ਨੂੰ ਹਮੇਸ਼ਾ ਹੀ ਆਪਣੇ ਵਤਨ ਦੀ ਯਾਦ ਸਤਾਉਂਦੀ ਰਹਿੰਦੀ ਹੈ ਪਰ ਬੀਤੀ 29 ਅਪ੍ਰੈਲ 2023 ਨੂੰ ਵਸਦਾ ਰਹੇ ਪੰਜਾਬ ਨਾਂ ਦੀ ਇੱਕ ਸੰਸਥਾ ਨੇ ਰੀਓ ਬੈਂਕਿਊਟ ਹਾਲ ਕੈਲਗਰੀ ਅੰਦਰ ਹੀ ਜਦੋਂ ਸੱਥ ਮਲਵਈਆਂ ਦੀ ਲਾ ਲਈ ਤਾਂ ਦੇਖਣ ਵਾਲੇ ਹੱਕੇ ਬੱਕੇ ਰਹਿ ਗਏ। ਸਨੀ ਸਵੈਚ ਅਤੇ ਉਸਦੇ ਸਹਿਯੋਗੀਆਂ ਨੇ ਮਿਲਕੇ ਇਹ ਬਹੁਤ ਵੱਡਾ ਉਪਰਾਲਾ ਕੀਤਾ ਕਿ ਰੀਊ ਬੈਂਕਿਊਟ ਹਾਲ ਦੇ ਅੰਦਰ ਹੀ ਪਾਣੀ ਵਾਲੀਆਂ ਬੰਬੀਆਂ ਚੱਲਣ ਲਾ ਦਿੱਤੀਆਂ। ਭੱਠੀ ਉੱਪਰ ਦਾਣੇ ਭੁੱਜ ਰਹੇ ਸੀ। ਸੱਥ ਵਿੱਚ ਬੈਠੇ ਬਾਬਿਆਂ ਦੇ ਹੱਥ ਪੰਜਾਬੀ ਅਖ਼ਬਾਰ ਸੀ। ਕੋਈ ਤਾਸ਼ ਦੇ ਪੱਤਿਅਤਾਂ ਵਿੱਚ ਮਸਤ ਸੀ । ਕੋਈ ਅਮਲੀ ਜ਼ਰਦੇ ਨੂੰ ਹਥੇਲੀ ਉੱਪਰ ਮਲ਼ ਰਿਹਾ ਸੀ। ਲੋਕੀ ਅੱਖਾਂ ਮਲ਼ਕੇ ਦੇਖ ਰਹੇ ਸੀ ਜਦੋਂ ਸੱਥ ਵਿੱਚੋਂ ਦੀ ਗੱਡੀਆਂ ਵਾਲੀ ਤਾਰੋ ਵੀ ਉੱਚੁ ਉੱਚੇ ਹੋਕੇ ਦਿੰਦੀ ਤੱਕਲੇ ਖੁਰਚਣੇ ਵੇਚ ਗਈ। ਮੰਜੇ ਜੋੜ ਲੱਗਿਆ ਸਪੀਕਰ ਇਸ ਤਰਾਂ ਲੱਗਦਾ ਸੀ ਜਿਵੇਂ ਹੁਣੇ ਹੀ ਯਮਲੇ ਜੱਟ ਦਾ ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ ਆਲਾ ਗੀਤ ਲੱਗਣ ਲੱਗਾ ਐ। ਗੁੱਲੀ ਡੰਡਾ ਆਪਣੇ ਸਮੇਂ ਦੇ ਹਾਣੀਆਂ ਨੂੰ ਵਾਜਾਂ ਮਾਰ ਰਿਹਾ ਸੀ।ਟੇਡੀ ਜਿਹੀ ਹੋਈ ਮਧਾਣੀ ਇਸ ਤਰਾਂ ਲੱਗਦੀ ਸੀ ਜਿਵੇਂ ਮੱਖਣ ਤੋਂ ਤਿਲਕ ਗਈ ਹੋਵੇ। ਪੂਰਾ ਪੰਜਾਬ ਦਾ ਮਾਹੌਲ ਸਿਰਜਿਆ ਹੋਇਆ ਸੀ । ਭੰਡਾਂ ਦੀਆਂ ਨਕਲਾਂ ਨਾਲ ਸਨੀ ਸਵੈਚ ਅਤੇ ਗੁਰਪ੍ਰੀਤ ਹੋਰੀ ਸਾਰੇ ਪਰਿਵਾਰਾਂ ਨੂੰ ਸਟੇਜ ਨਾਲ ਜੋੜ ਰਹੇ ਸਨ। ਸਟੇਜ ਉਪਰ ਹੀ ਰੇਡੀਓ ਰੈਡ ਐਫ ਐਮ ਕੈਲਗਰੀ ਦੇ ਨਿਊਜ਼ ਮੈਨੇਜਰ ਰਿਸ਼ੀ ਨਾਗਰ ਦਾ ਸਨਮਾਨ ਕੀਤਾ ਗਿਆ। ਸਪਾਂਸਰ ਵੀਰਾਂ ਨੂੰ ਵੀ ਮੰਚ ਉਪਰੋਂ ਸਨਮਾਨਿਤ ਕੀਤਾ ਗਿਆ । ਟਰਿੰਟੀ ਮਾਰਗੇਜ ਵਾਲੇ ਮਨਪ੍ਰੀਤ ਪਾਬਲਾ ਵੱਲੋਂ ਸਪਾਂਸਰ ਦੋ ਜਣਿਆਂ ਲਈ ਲਾਸ ਵੇਗਾਸ ਦੇ ਟਰਿੱਪ ਦਾ ਲੱਕੀ ਡਰਾਅ ਸੰਦੀਪ ਕੌਰ ਕੁਲਾਰ ਦੇ ਹਿੱਸੇ ਆਇਆ। ਵਸਦਾ ਰਹੇ ਪੰਜਾਬ ਦੀ ਸਮੁੱਚੀ ਟੀਮ ਇਸ ਸਫਲਤਾ ਭਰੇ ਸੱਭਿਆਚਾਰਕ ਪਰੋਗਰਾਮ ਲਈ ਇਸ ਗੱਲੋਂ ਵਧਾਈ ਦੀ ਹੱਕਦਾਰ ਹੈ ਕਿ ਪਰੋਗਰਾਮ ਦਾ ਨਾਂ ਭਾਵੇਂ ਸੱਥ ਮਲਵਈਆਂ ਦੀ ਹੀ ਪਰ ਉਹਨਾਂ ਨੇ ਪੂਰਾ ਪੰਜਾਬ ਇਸ ਪਰੋਗਰਾਮ ਵਿੱਚ ਇੱਕੋ ਮੰਚ ਉੱਪਰ ਲੈ ਆਂਦਾ । ਭਵਿੱਖ ਵਿੱਚ ਵੀ ਪ੍ਰਬੰਧਕੀ ਟੀਮ ਵੱਲੋਂ ਅਜਿਹੇ ਪਰੋਗਰਾਮ ਉਲੀਕੇ ਜਾਣ ਦੀ ਆਸ ਨਾਲ ਹਾਲ ਅੰਦਰ ਪੁੱਜੇ ਪੰਜਾਬੀਆਂ ਨੇ ਆਪੋ ਆਪਣੇ ਘਰਾਂ ਨੂੰ ਚਾਲੇ ਪਾਏ।









# ਪੰਜਾਬੀ ਅਖ਼ਬਾਰ ਦੇ ਮੁੱਖ ਕੰਪੋਜ਼ਰ ਸ: ਦਰਸ਼ਨ ਸਿੰਘ ਦਰਸ਼ਕ ਨੂੰ ਸਦਮਾ, ਪਤਨੀ ਸਵਰਗਵਾਸ



ਪਟਿਆਲਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ 10 ਸਾਲ ਤੋਂ ਪੰਜਾਬੀ ਅਖ਼ਬਾਰ ਦੀ ਕੰਪੋਜ਼ਿੰਗ ਟੀਮ ਦੇ ਮੁਖੀ ਸ਼ ਦਰਸ਼ਨ ਸਿੰਘ ਦਰਸ਼ਕ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ ਧਰਮਪਤਨੀ ਪਰਮਜੀਤ ਕੌਰ ਸੰਖੇਪ ਬਿਮਾਰੀ ਪਿੱਛੋਂ 28 ਅਪ੍ਰੈਲ 2023 ਵਾਲੇ ਦਿਨ ਸਵਰਗਵਾਸ ਹੋ ਗਈ। ਉਹਨਾਂ ਦਾ ਪਿਛਲੇ ਕਾਫੀ ਦਿਨਾਂ ਤੋਂ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਸੀ। ਉਹ ਆਪਣੇ ਪਿੱਛੇ ਪਤੀ ਅਤੇ ਦੋ ਲੜਕੀਆਂ ਛੱਡ ਗਏ ਹਨ। ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 29 ਅਪ੍ਰੈਲ 2023 ਨੂੰ ਬੇਹੱਦ ਗਮਗੀਨ ਮਾਹੌਲ ਵਿੱਚ ਪਟਿਆਲਾ ਵਿਖੇ ਕੀਤਾ ਗਿਆ। ਉਹਨਾਂ ਦੀ ਆਤਮਿਕ ਸਾਂਤੀ ਲਈ ਰੱਖੇ ਗਏ ਸਹਿਜਪਾਠ ਦਾ ਭੋਗ 7 ਮਈ 2023 ਦਿਨ ਐਤਵਾਰ ਨੂੰ ਗੁਰੂਦਵਾਰਾ ਵੱਡੀ ਸਿੰਘ ਸਭਾ (ਫੁਆਰਾ ਚੌਂਕ) ਪਟਿਆਲਾ ਵਿਖੇ 12 ਤੋਂ 1 ਵਜੇ ਦੇ ਦਰਮਿਆਨ ਪਵੇਗਾ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਇਸ ਦੁਖਦਾਈ ਘੜੀ ਮੌਕੇ ਆਪਣੇ ਪਰਿਵਾਰਕ ਮੈਂਬਰ ਸ: ਦਰਸ਼ਨ ਸਿੰਘ ਦਰਸ਼ਕ ਅਤੇ ਸਮੂਹ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ।

# ਗਰੇਵਾਲਾਂ ਦੀ ਬੇਟੀ ਨੇ ਫਰਾਂਸ ਜਾਕੇ ਹਾਕੀ ਖੇਡਦਿਆਂ ਸਮੁੱਚੇ ਪੰਜਾਬੀਆਂ ਦਾ ਮਾਣ ਵਧਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਫੀਲਡ ਹਾਕੀ ਟੀਮ (ਅੰਡਰ-18) ਫਰਾਂਸ ਦੇ ਦੌਰੇ ਤੋਂ ਬਾਅਦ ਵਾਪਸੀ ਦੀ ਤਿਆਰੀ ਵਿੱਚ ਹੈ। ਖੇਡ ਸੱਭਿਆਚਾਰ ਦੀ ਨਰਸਰੀ ਪੰਜਾਬ ਦੇ ਕਿਲਾ ਰਾਇਪੁਰ ਨਾਲ ਸਬੰਧਿਤ ਪਰ ਅੱਜਕੱਲ ਕੈਲਗਰੀ ਵਾਸੀ ਗਰੇਵਾਲ ਪਰਿਵਾਰ ਦੀ ਬੇਟੀ ਪ੍ਰਭਲੀਨ ਲਈ ਮੁਲਕ ਤੋਂ ਬਾਹਰ ਜਾ ਕੇ ਖੇਡਣ ਦਾ ਇਹ ਪਹਿਲਾ ਤਜ਼ਰਬਾ ਸੀ। ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਪ੍ਰਭਲੀਨ ਕੌਰ ਦੇ ਪਿਤਾ ਸ: ਸੁਖਬੀਰ ਸਿੰਘ ਗਰੇਵਾਲ ਨੇ ਦੱਸਿਆ ਕਿ ਕੈਨੇਡਾ ਦੀ ਸੀਨੀਅਰ ਟੀਮ ਵਿੱਚ ਦਾਖਲਾ ਪਾਉਣ ਲਈ ਪ੍ਰਭਲੀਨ ਦੀ ਇਹ ਪਹਿਲੀ ਪ੍ਰੀਖਿਆ ਸੀ।ਆਉਣ ਵਾਲੇ ਸਾਲ ਪ੍ਰਭਲੀਨ ਲਈ ਹੋਰ ਵੀ ਸਖ਼ਤ ਹੋਣਗੇ। ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਸਮੁੱਚੀ ਟੀਮ ਦਾ ਸਾਡੇ ਪਰਿਵਾਰ ਵਲੋਂ ਬਹੁਤ-ਬਹੁਤ ਧੰਨਵਾਦ ਜਿਸ ਸਦਕਾ ਪ੍ਰਭਲੀਨ ਨੇ ਨਵੀਆਂ ਪੈੜਾਂ ਪਾਈਆਂ ਹਨ।ਇਸ ਵਿਦੇਸ਼ੀ ਟੂਰ ਲਈ ਉਹਨਾਂ ਸਾਰੇ ਸਹਿਯੋਗੀਆਂ ਦਾ ਧੰਨਵਾਦ ਜਿਹਨਾਂ ਨੇ ਪ੍ਰਭਲੀਨ ਨੂੰ ਸਪਾਂਸਰ ਕੀਤਾ।।ਉਮੀਦ ਕਰਦੇ ਹਾਂ ਕਿ ਕੈਨੇਡਾ ਵਿੱਚ ਰਹਿੰਦਾ ਪੰਜਾਬੀ ਭਾਈਚਾਰਾ ਆਪਣੀਆਂ ਬੇਟੀਆਂ ਨੂੰ ਖੇਡਾਂ ਤੇ ਹੋਰ ਖੇਤਰਾਂ ਵਿੱਚ ਮੱਲਾਂ ਮਾਰਨ ਲਈ ਉਤਸ਼ਾਹਿਤ ਕਰਦਾ ਰਹੇਗਾ।






























HMP
CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਕੈਲਗਰੀ ਨਾਰਥ ਤੋਂ ਰਾਜੇਸ ਅੰਗਰਾਲ ਨੇ ਸਾਦੇ ਢੰਗ ਨਾਲ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕੀਤਾ









ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਨ ਡੀ ਪੀ ਵੱਲੋਂ ਨਾਮਜਦ ਉਮੀਦਵਾਰ ਰਾਜੇਸ ਅੰਗਰਾਲ ਕੈਲਗਰੀ ਦੇ ਹਲਕਾ ਲੈਲਗਰੀ ਨਾਰਥ ਤੋਂ ਚੋਣ ਲੜ ਰਿਹਾ ਹੈ। ਬੀਤੀ 29 ਅਪਰੈਲ ਨੂੰ ਹੋਰਨਾਂ ਉਮੀਦਵਾਰਾਂ ਦੀ ਤਰਾਂ ਉਸਨੇ ਕੋਈ ਬਾਰਬੀਕਿਊ ਜਾਂ ਹੋਰ ਲਾਮ ਲਸ਼ਕਰ ਇਕੱਠਾ ਕਰਕੇ ਆਪਣਾ ਪ੍ਰਭਾਵ ਦਿਖਾਉਣ ਦੀ ਕੋਸਿਸ ਨਹੀਂ ਕੀਤੀ ਬਲਕਿ ਉਸਦਾ ਕਹਿਣਾ ਹੈ ਕਿ ਲੋਕਾਂ ਨੇ ਵੋਟ ਐਨ ਡੀ ਪੀ ਦੀਆਂ ਪਾਲਿਸੀਆਂ ਨੂੰ ਪਾਉਣੀ ਹੈ ਇਸ ਉਹ ਦਰ ਦਰ ਜਾਕੇ ਆਪਣੀਆਂ ਪਾਰਟੀ ਦੀਆਂ ਪਾਲਿਸੀਆਂ ਬਾਰੇ ਲੋਕਾਂ ਨੂੰ ਦੱਸ ਰਿਹਾ ਹੈ ਅਤੇ ਉਹਨਾਂ ਕੋਲੋਂ ਵੋਟਾਂ ਦੀ ਮੰਗ ਕਰ ਰਿਹਾ ਹੈ। ਕੈਲਗਰੀ ਦਾ ਪੰਜਾਬੀ ਭਾਈਚਾਰਾ ਰਾਜੇਸ ਅੰਗਰਾਲ ਨੂੰ ਬਹੁਤ ਲੰਮੇ ਸਮੇਂ ਤੋਂ ਜਾਣਦਾ ਹੈ। ਰੇਡੀਓ ਸਭਰੰਗ ਦੇ ਬੈਨਰ ਹੈਠ ਉਹ ਕੈਲਗਰੀ ਦੇ ਮੀਡੀਆ ਖੇਤਰ ਵਿੱਚ ਚੰਗਾ ਰੋਲ ਨਿਭਾ ਰਿਹਾ ਹੈ।

## ਆਸਟ੍ਰੇਲੀਆ ਪੁਲੀਸ ਨੇ ਬਰਾਮਦ ਕੀਤੀ 136 ਕਿੱਲੋ ਭੰਗ

ਗੋਲਡ ਕੋਸਟ (ਪੰਜਾਬੀ ਅਖਬਾਰ ਬਿਊਰੋ)- ਆਸਟ੍ਰੇਲੀਆ ਵਿਖੇ ਪੁਲੀਸ ਨੇ ਗੋਲਡ ਕੋਸਟ 'ਚ ਇੱਕ ਟਰੱਕ ਦੇ ਪਿਛਲੇ ਹਿੱਸੇ 'ਚ ਕਥਿਤ ਤੌਰ 'ਤੇ 100 ਕਿਲੋਗ੍ਰਾਮ ਤੋਂ ਵੱਧ ਕੈਨੇਬਿਸ ਮਿਲਣ ਤੋਂ ਬਾਅਦ ਕੁਈਨਜ਼ਲੈਂਡ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਚਾਰਜ ਕੀਤਾ। ਅਧਿਕਾਰੀਆਂ ਨੇ ਦੋਸ਼ ਲਗਾਇਆ ਕਿ ਇੱਕ 42 ਸਾਲਾ ਵਿਅਕਤੀ 136 ਕਿਲੋਗ੍ਰਾਮ ਮਾਰਿਜੂਆਨਾ ਮੈਲਬੌਰਨ ਤੋਂ ਕੁਈਨਜ਼ਲੈਂਡ ਤਕ ਲੈ ਗਿਆ ਅਤੇ ਉਸ ਨੇ ਇਸ ਨੂੰ ਹਿਨੋ ਪੈਨਟੇਕ ਟਰੱਕ ਦੇ ਪਿਛਲੇ ਹਿੱਸੇ 'ਚ ਲੁਕੋਇਆ ਹੋਇਆ ਸੀ।

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

ਸ਼ੋਅ ਹੋਮ
ਹੁਣ ਖੁੱਲ ਚੁੱਕੇ ਹਨ
ਨਵਾਂ ਫੇਸ ਛੇਤੀ ਵਿਕ ਰਿਹਾ ਹੈ
ਆਪਣਾ ਘਰ ਰਾਖਵਾਂ ਹੁਣੇ ਕਰੋ!
ਫਰੰਟ ਗੈਰਾਜ ਲਾਟਾਂ. ਡੁਪਲੈਕਸ ਲਾਟਾਂ. ਲੇਨਡ ਲਾਟਾਂ
DAWSON'S LANDING
CHESTERMERE
A QUALICO COMMUNITY
ਹਾਈਵੇਅ 1 ਦੇ ਨੇੜੇ ਕੈਲਗਰੀ ਡਾਊਨਟਾਊਨ ਵੱਲ ਨੂੰ
ਨਵੇਂ ਖੇਡ ਮੈਦਾਨ 2023 ਦੀ ਗਰਮੀ ਵਿੱਚ ਖੁੱਲਣਗੇ
ਮਾਲਕ ਐਸੋਸੀਏਸ਼ਨ ਘਰੇਲੂ ਮੁੱਲਾਂ ਨੂੰ ਸੁਰੱਖਿਅਤ ਰੱਖਦੀ ਹੈ
ਚੈਸਟਰਮੇਰ ਸ਼ਹਿਰ ਵਿੱਚ ਝੀਲ ਦੇ ਕਿਨਾਰੇ ਡਾਸਨ ਲੈਂਡਿੰਗ,ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਜਿੱਥੇ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ,ਸਕੂਲਾਂ,ਪਾਰਕਾਂ,ਖਰੀਦਦਾਰੀ,ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁੱਝ ਮਿੰਟਾਂ ਵਿੱਚ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਡੁਪਲੈਕਸ ਘਰ From The Mid $400s
ਲੇਨਡ ਘਰ From The Mid $600s
ਫਰੰਟ ਗੈਰਾਜ ਘਰ From The Mid $700s
NUVISTA HOMES • BROADVIEW HOMES • MORRISON HOMES • TRICO HOMES • STERLING HOMES
ਸਟੌਰਮ ਵਾਟਰ ਕਿਡਨੀ ਬਣਾਉਣ ਲਈ ਕੈਨੇਡਾ ਅਤੇ ਦੁਨੀਆ ਦਾ ਪਹਿਲਾ ਰਿਹਾਇਸ਼ੀ ਭਾਈਚਾਰਾ
ਹੋਰ ਜਾਣਕਾਰੀ ਲਈ ਵੈਬਸਾਈਟ ਉੱਪਰ ਜਾਓ
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QualicoCommunitiesCalgary.com
QUALICO communities

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
Satisfaction Guaranteed- One year warranty on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
fix AUTO COLLISION
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਪ੍ਰੋ: ਪਰਵੇਜ਼ ਵੰਡਲ ਅਤੇ ਪ੍ਰੋ: ਸਾਜਿਦਾ ਹੈਦਰ ਵੰਡਲ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤੇ ਗਏ



ਸਿਆਟਲ (ਜਗਦੇਵ ਸਿੱਧੂ) ਪਿਛਲੇ ਦਿਨੀਂ ਪਾਕਿਸਤਾਨ ਦੇ ਉੱਘੇ ਆਰਕੀਟੈਕਟ ਪਰਵੇਜ਼ ਵੰਡਲ ਅਤੇ ਸਾਜਿਦਾ ਹੈਦਰ ਵੰਡਲ ਨੂੰ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਇੱਕ ਸਾਦੇ ਸਮਗਮ ਵਿੱਚ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਪਰਦਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਐਵਾਰਡ ਉਨ੍ਹਾਂ ਦੁਆਰਾ ਆਰਕੀਟੈਕਟ ਅਤੇ ਵਿਦਿਅਕ ਖੇਤਰ ਵਿਚ ਕੀਤੀਆਂ ਖੋਜਾਂ, ਮਹਾਨ ਪ੍ਰਾਪਤੀਆਂ ਅਤੇ ਮਹੱਤਵਪੂਰਨ ਯੋਗਦਾਨ ਪਾਉਣ ਬਦਲੇ ਦਿੱਤਾ ਗਿਆ, ਜਿਸ ਦਾ ਐਲਾਨ ਅਗਸਤ 2022 ਨੂੰ ਮਹਾਨ ਸਿੱਖ ਆਰਕੀਟੈਕਟ ਆਧੁਨਿਕ ਲਾਹੌਰ ਦੇ ਇਮਾਰਤਸਾਜ਼ ਭਾਈ ਰਾਮ ਸਿੰਘ ਦੇ 164ਵੇਂ ਜਨਮ ਦਿਨ ਤੇ ਕੀਤਾ ਗਿਆ ਸੀ। ਰਾਮਗੜ੍ਹੀਆ ਸੋਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ, ਇਸ ਦੇ ਲੋਕ ਸੰਪਰਕ ਅਧਿਕਾਰੀ ਸੁਰਿੰਦਰ ਸਿੰਘ ਜੱਬਲ, ਪੰਜਾਬੀ ਕਵੀ ਅਵਤਾਰ ਸਿੰਘ ਆਦਮਪੁਰੀ ਅਤੇ ਉਸ ਦੀ ਪਤਨੀ, ਤੋਂ ਇਲਾਵਾ ਕਵੀ ਹਰਦਮ ਮਾਨ ਅਤੇ ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ, ਕੈਨੇਡਾ ਦੇ ਮੁਖੀ, ਸੰਪਾਦਕ, ਮੰਨੇ ਪ੍ਰਮੰਨੇ ਫੋਟੋਗ੍ਰਾਫਰ, ਲੇਖਕ, ਚਿੰਤਕ ਤੇ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਉਚੇਚੇ ਤੌਰ ਤੇ ਸਿਆਟਲ ਵਿਖੇ ਪਰਵੇਜ਼ ਵੰਡਲ ਨੂੰ ਐਵਾਰਡ ਸੌਂਪਣ ਦੀ ਰਸਮ ਅਦਾ ਕੀਤੀ। ਜੈਤੇਗ ਸਿੰਘ ਅਨੰਤ ਨੇ ਪਰਵੇਜ਼ ਅਤੇ ਸਾਜਿਦਾ ਵੱਲੋਂ ਭਾਈ ਰਾਮ ਸਿੰਘ ਦੀ ਇਮਾਰਤਸਾਜ਼ੀ ਬਾਰੇ ਕੀਤੀ ਖੋਜ ਬਾਰੇ ਦੱਸਿਆ। ਉਨ੍ਹਾਂ ਨੇ ਪ੍ਰੋ: ਪਰਵੇਜ਼ ਵੰਡਲ ਦੁਆਰਾ ਬਤੌਰ ਪ੍ਰੋ:ਵਾਈਸ ਚਾਂਸਲਰ, ਇਨਸਟੀਚੂਟ ਆਫ ਆਰਟ ਐਂਡ ਕਲਚਰ ਲਾਹੌਰ, ਹੁਣ ਬਤੌਰ ਸੀ ਈ ?। ਥਾਪ ਅਤੇ ਪ੍ਰੋ: ਸਾਜਿਦਾ ਹੈਦਰ ਵੰਡਲ ਦੁਆਰਾ ਬਤੌਰ ਪ੍ਰਿੰਸੀਪਲ, ਨੈਸ਼ਨਲ ਕਾਲਜ ਆਫ ਆਰਟਸ, ਮਗਰੋਂ ਵਾਈਸ ਚਾਂਸਲਰ, ਇਨਸਟੀਚੂਟ ਆਫ ਆਰਟ ਐਂਡ ਕਲਚਰ, ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਭਰਵੀਂ ਤਾਰੀਫ਼ ਕੀਤੀ। ਸੁਰਿੰਦਰ ਸਿੰਘ ਜੱਬਲ ਨੇ ਉਨ੍ਹਾਂ ਵੱਲੋਂ ਭਾਈ ਰਾਮ ਸਿੰਘ ਦੀ ਲਾਸਾਨੀ ਵਿਰਾਸਤ ਅਤੇ ਇਮਾਰਤਸਾਜ਼ੀ ਕਲਾ ਬਾਰੇ ਲਿਖੀ ਖੋਜ-ਭਰਪੂਰ ਪੁਸਤਕ 'ਰਾਜ ਲਾਹੌਰ ਐਂਡ ਭਾਈ ਰਾਮ ਸਿੰਘ' ਨੂੰ ਸਮੁੱਚੇ ਸਿੱਖ ਜਗਤ ਅਤੇ ਆਰਕੀਟੈਕਟ ਦੇ ਖੇਤਰ ਲਈ ਗੌਰਵਮਈ ਪ੍ਰਾਪਤੀ ਦੱਸਿਆ। ਪਰਵੇਜ਼ ਵੰਡਲ ਨੇ ਐਵਾਰਡ ਪ੍ਰਾਪਤ ਕਰ ਕੇ ਸੋਸਾਇਟੀ ਦਾ ਧੰਨਵਾਦ ਕੀਤਾ। ਭਾਈ ਰਾਮ ਸਿੰਘ ਦੀ ਇਮਾਰਤਸਾਜ਼ੀ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਦੀਆਂ ਖੂਬੀਆਂ ਗਿਣਾ ਕੇ ਉਸ ਮਹਾਨ ਵਿਰਾਸਤ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਮੁਸਲਮਾਨ ਅਤੇ ਸਿੱਖ ਭਾਈਚਾਰੇ ਸਦੀਆਂ ਤੋਂ ਆਪਸੀ ਸਦਭਾਵਨਾ ਨਾਲ ਰਹਿੰਦੇ ਆਏ ਹਨ ਅਤੇ ਇਨ੍ਹਾਂ ਦੀਆਂ ਪ੍ਰੰਰਾਵਾਂ ਤੇ ਰੀਤੀ ਰਿਵਾਜਾਂ ਵਿੱਚ ਸਮਰੂਪਤਾ ਅਤੇ ਸਾਂਝ ਹੈ। ਇਸ ਮੌਕੇ ਪਰਵੇਜ਼ ਵੰਡਲ ਨੂੰ ਸੁਰਿੰਦਰ ਸਿੰਘ ਦੀ ਪੁਸਤਕ ' ਚਾਚਾ ਵੈਨਕੂਵਰੀਆ', ਜੈਤੇਗ ਸਿੰਘ ਅਨੰਤ ਦੁਆਰਾ ਸੰਪਾਦਿਤ ਪੁਸਤਕਾਂ 'ਰਾਮਗੜ੍ਹੀਆ ਵਿਰਾਸਤ' ਅਤੇ 'ਬੇ-ਨਿਆਜ਼ ਹਸਤੀ- ਉਸਤਾਦ ਦਾਮਨ' ਭੇਟ ਕੀਤੀਆਂ ਗਈਆਂ। ਇਨ੍ਹਾਂ ਕਿਤਾਬਾਂ ਦਾ ਇੱਕ ਸੈਟ ਯੂਨੀਵਰਸਿਟੀ ਆਫ ਝੰਗ ਦੀ ਵਾਈਸ ਚਾਂਸਲਰ, ਡਾ: ਨਬੀਲਾ ਰਹਿਮਾਨ ਲਈ ਦਿੱਤਾ ਗਿਆ।

# ਫਸਟ ਨੇਸ਼ਨ ਭਾਈਚਾਰੇ ਦੇ ਮੁਖੀ ਨੇ ਆਪਣੀ ਕਮਿਓਨਿਟੀ ਦੇ ਹਾਲਾਤ ਸੁਧਾਰਨ ਲਈ ਮੱਦਦ ਦੀ ਮੰਗ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਉੱਤਰੀ ਅਲਬਰਟਾ ਫਸਟ ਨੇਸ਼ਨ ਨੇ ਮਿਕੀਸਿਓ ਕਰੀ ਫਸਟ ਨੇਸ਼ਨ ਕਮਿਊਨਿਟੀ ਦੇ ਅੰਦਰ ਖੁਦਕੁਸ਼ੀਆਂ ਅਤੇ ਖੁਦਕੁਸ਼ੀ ਦੀਆਂ ਕੋਸ਼ਿਸ਼ਾਂ ਵਿੱਚ ਵਾਧੇ ਕਾਰਨ ਐਮਰਜੈਂਸੀ ਦੀ ਸਥਿੱਤੀ ਦਾ ਐਲਾਨ ਕੀਤਾ ਹੈ।"ਕਮਿਓਨਿਟੀ ਦੇ ਨੇਤਾਵਾਂ ਦਾ ਕਹਿਣਾ ਹੈ ਕਿ "ਸਾਡੇ ਨੌਜਵਾਨਾਂ ਵਿੱਚ ਆਤਮਘਾਤੀ ਕਲੱਸਟਰਾਂ, ਆਤਮ ਹੱਤਿਆ ਦੇ ਵਿਚਾਰਾਂ, ਅਤੇ ਆਤਮ ਹੱਤਿਆ ਦੀ ਯੋਜਨਾਬੰਦੀ ਦੀ ਸੰਭਾਵਨਾ ਬਾਰੇ ਉਹ ਬਹੁਤ ਚਿੰਤਤ ਹਨ।" ਫਸਟ ਨੇਸ਼ਨ ਨੇ ਸੰਘੀ ਅਤੇ ਸੂਬਾਈ ਸਰਕਾਰਾਂ ਤੋਂ ਸਹਿਯੋਗ ਦੀ ਵੀ ਮੰਗ ਕੀਤੀ ਹੈ।।"ਮਿਕੀਸਿਓ ਕਰੀ ਫਸਟ ਨੇਸ਼ਨ ਨੇ ਇੱਕ ਰੀਲੀਜ਼ ਵਿੱਚ ਕਿਹਾ ਹੈ ਕਿ ਸਾਨੂੰ ਤੁਰੰਤ ਅਤੇ ਥੋੜ੍ਹੇ ਸਮੇਂ ਦੇ ਸੰਕਟ ਨਾਲ ਨਜਿੱਠਣ ਲਈ ਸਾਡੇ ਭਾਈਚਾਰੇ ਵਿੱਚ ਮਾਨਸਿਕ ਸਿਹਤ ਸਹਾਇਤਾ ਦੀ ਲੋੜ ਹੈ ਅਤੇ ਸਾਡਾ ਨਿਸ਼ਾਨਾ ਲੰਬੇ ਸਮੇਂ ਵਿੱਚ ਮਾਨਸਿਕ ਸਿਹਤ ਅਤੇ ਨਸ਼ਿਆਂ ਲਈ ਨਿਰੰਤਰ ਫੰਡਿੰਗ, ਸਿਹਤ ਨੂੰ ਉਤਸ਼ਾਹਿਤ ਕਰਨ, ਰੋਕਥਾਮ ਅਤੇ ਸੱਭਿਆਚਾਰਕ ਪਛਾਣ ਨੂੰ ਮੁੜ ਕਾਇਮ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਹੈ," "ਫਸਟ ਨੇਸ਼ਨਜ਼ ਚੀਫ ਐਂਡ ਕੌਂਸਲ ਦਾ ਕਹਿਣਾ ਹੈ ਕਿ ਉਹਨਾਂ ਨੇ ਆਪਣੀ ਕਮਿਓਨਿਟੀ ਅੰਦਰ 1 ਫਰਵਰੀ 2023 ਨੂੰ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਵਰਤੋਂ, ਕੋਲ ਰੱਖਣ, ਨਿਰਮਾਣ ਅਤੇ ਤਸਕਰੀ ਲਈ ਜ਼ੀਰੋ ਟੋਲਰੈਂਸ ਨੂੰ ਲਾਗੂ ਕੀਤਾ ਸੀ।


STANCE PHYSIO CHIRO & MASSAGE
Psychological/Mental Health Counselling Available
ਫਿਜ਼ੀਓਥੈਰੇਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
www.stancephysio.com
Ph: +1(825)513-0151 Address: 470, 10980 38St NE AB Calgary

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Eye brow/Eyelash Tinting • Eyelash Lift up • Waxing • Facials • Threading
International Students accepting
• Makeup • Hair styling • Manicure/Pedicure • Microdermabrasion • Artificial Nails
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services: Personal Tax Returns • Corporate Tax Returns • Computerized Bookkeeping • T4's • Record of Employment
Financial Services: • RRSP • Life Insurance Term Life Universal Life • Critical Illness Insurance • Segregated Funds
IQBAL SIDHU (403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill Jay@peelfinancial.ca 306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill Lease Account Manager dave@peelfinancial.ca 306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆਂ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc "Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL Financial Advisor
403 909 4141

INDIA PALACE Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



**ਹਿੰਮਤ ਹਾਰਨ ਵਾਲਿਆਂ ਨੂੰ ਰਸਤੇ ਛੋਟੇ ਨਜ਼ਰ ਆਉਂਦੇ ਨੇ ਅਤੇ ਆਖਰੀ ਦਮ ਤੱਕ ਲੜਨ ਵਾਲਿਆਂ ਲਈ ਰਸਤੇ ਖਤਮ ਨਹੀਂ ਹੁੰਦੇ**

# ਬੱਲੇ,ਵੋਟਾਂ ਆ ਗਈਆਂ

ਵੋਟਾਂ ਅਤੇ ਪਰਵਾਸੀ ਪੰਜਾਬੀਆਂ ਦਾ ਆਪਸ ਵਿੱਚ ਬਹੁਤ ਹੀ ਗੂੜਾ ਰਿਸ਼ਤਾ ਹੈ । ਵੋਟਾਂ ਕਿਤੇ ਵੀ ਪੈਂਦੀਆਂ ਹੋਣ । ਚਾਹੇ ਅਮਰੀਕਾ ਦੇ ਰਾਸਟਰਪਤੀ ਦੀ ਚੋਣ ਹੋਵੇ ਚਾਹੇ ਪੰਜਾਬ ਦੀ ਕੋਈ ਜਿਮਨੀ ਚੋਣ ਹੀ ਹੋਵੇ ਤਾਂ ਵੀ ਕਨੇਡਾ ਵਸਦਾ ਪੰਜਾਬੀ ਭਾਈਚਾਰਾ ਆਪਣੀ ਪੂਰੀ ਦਿਲਚਸਪੀ ਦਿਖਾਉਂਦਾ ਹੈ। ਇਹਨੀ ਦਿਨੀ ਤਾਂ ਬੜਾ ਸਬੱਬ ਬਣਿਆ ਕਿ ਉੱਧਰ ਪੰਜਾਬ ਵਿੱਚ 10 ਮਈ 2023 ਨੂੰ ਜਲੰਧਰ ਵਾਲੀ ਜਿਮਨੀ ਚੋਣ ਆ ਗਈ ਤੇ ਏਧਰ ਕਨੇਡਾ ਦੇ ਅਲਬਰਟਾ ਸੂਬੇ ਅੰਦਰ 29 ਮਈ 2023 ਵਾਲੇ ਦਿਨ ਲਈ ਸੂਬਾਈ ਚੋਣਾਂ ਦਾ ਬਿਗਲ ਵੱਜ ਗਿਆ। ਐਨ ਆਰ ਆਈ ਉੱਪਰ ਪੰਜਾਬ ਦੇ ਲੋਕ ਅਕਸਰ ਹੀ ਵੋਟਾਂ ਵੇਲੇ ਦੋਸ਼ ਲਗਾਉਂਦੇ ਹਨ ਕਿ ਤੁਸੀਂ ਵਿਦੇਸੀ ਧਰਤੀ ਉੱਪਰ ਸੁੱਖ ਸਹੂਲਤਾਂ ਮਾਣਦੇ ਹੋਏ ਵੋਟਾਂ ਵੇਲੇ ਜਾਣਬੁੱਝਕੇ ਸਾਡੀ ਰਾਜਨੀਤੀ ਵਿੱਚ ਦਖਲ ਦਿੰਦੇ ਹੋ । ਸਾਡੇ ਪੰਜਾਬ ਵਸਦੇ ਵੋਟਰਾਂ ਨੂੰ ਕਹਿੰਦੇ ਹੋ ਕਿ ਤੁਸੀਂ ਖਾਣਪੀਣ ਬਦਲੇ ਭਾਵ ਬੋਤਲ ਵੱਟੇ ਵੋਟ ਪਾ ਆਉਂਦੇ ਹੋ। ਅਸੀਂ 2022 ਦੀਆਂ ਵੋਟਾਂ ਵੇਲੇ ਬਿਨਾ ਕਿਸੇ ਲਾਲਚ ਦੇ ਵੋਟ ਪਾਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਲੈ ਆਂਦੀ । ਪਰ ਹੁਣ ਹਰ ਰੋਜ ਸੋਸਲ ਮੀਡੀਆ ਉੱਪਰ ਐਨ ਆਰ ਆਈ ਬਸ਼ਿੰਦੇ ਸਾਨੂੰ ਸਰਟੀਫਿਕੇਟ ਦਿੰਦੇ ਰਹਿੰਦੇ ਹਨ, ਅਖੇ ਤੁਸੀਂ ਤਾਂ ਬਹੁਤ ਵੱਡੀ ਗਲਤੀ ਕਰ ਲਈ ਐ । ਪੰਜਾਬ ਆਲਿਆਂ ਦਾ ਕਹਿਣਾ ਐ ਸਾਥੋਂ ਤਾਂ ਚਲੋ ਹੋ ਗਈ ਸੋ ਹੋ ਗਈ ਪਰ ਅਲਬਰਟਾ ਸੂਬੇ ਵਾਲਿਓ ਹੁਣ ਤੁਹਾਨੂੰ ਦੇਖਦੇ ਹਾਂ ਕਿ ਤੁਸੀਂ ਕੀ ਕਰਦੇ ਹੋ। ਅਲਬਰਟਾ ਸੂਬੇ ਅੰਦਰ ਵੀ ਵੋਟਾਂ ਵੇਲੇ ਸਾਰੇ ਹੀ ਉਮੀਂਦਵਾਰ ਆਪਣੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਬਰੇਕਫਾਸਟ,ਲੰਚ ਅਤੇ ਕਈ ਥਾਵੀਂ ਡਿੱਨਰ ਦਾ ਪਰਬੰਧ ਕਰਦੇ ਹਨ। ਗੋਰੇ ਮੂਲ ਦੇ ਉਮੀਂਦਵਾਰਾ ਦਾ ਇਹੋ ਜਿਹਾ ਫੰਕਸਨ ਛੋਟੇ ਪੱਧਰ ਉੱਪਰ ਹੀ ਹੁੰਦਾ ਹੈ ਪਰ ਜਿਸ ਹਲਕੇ ਵਿੱਚ ਪੰਜਾਬੀ ਮੂਲ ਦੇ ਉਮੀਂਦਵਾਰ ਚੋਣ ਲੜ੍ਹ ਰਹੇ ਹੋਣ ਉੱਥੇ ਤਾਂ ਬਰਗਰ,ਪੀਜੇ,ਅਤੇ ਮੁਰਗੇ ਦੀ ਵੰਨਸੁਵੰਨੀ ਵੰਨਗੀ ਵੋਟਰਾਂ ਵੱਲ ਨੂੰ ਮਹਿਕਾਂ ਛੱਡਦੀ ਹੋਈ ਆਪਣੇ ਵੱਲ ਖਿੱਚਣ ਲਈ ਪੂਰਾ ਜੋਰ ਤਾਣ ਲਗਾ ਰਹੀ ਹੁੰਦੀ ਹੈ। ਭਾਵੇਂ ਵੋਟਰਾਂ ਨੂੰ ਇਹ ਖਾਣ ਪੀਣ ਪ੍ਰੋਸਣ ਦਾ ਵਰਤਾਰਾ ਤਾਂ ਚੋਣ ਕਮਿਸਨ ਦੀਆਂ ਹਿਦਾਇਤਾਂ ਦੇ ਘੇਰੇ ਅੰਦਰ ਹੀ ਹੁੰਦਾ ਹੈ ਪਰ ਖਾਣ ਵਾਲਿਆਂ ਦਾ ਕੋਈ ਘੇਰਾ ਨਹੀਂ ਹੁੰਦਾ । ਉਹੀ ਲੋਕ ਜੋ ਸਵੇਰ ਵੇਲੇ ਪੀਲੇ ਜਿਹੇ ਰੰਗ ਦੀਆਂ ਝੰਡੀਆਂ ਨਾਲ ਫੋਟੋਆਂ ਖਿਚਵਾਉਂਦੇ ਐਨ ਡੀ ਪੀ ਦਾ ਬਰੇਕਫਾਸਟ ਕਰ ਰਹੇ ਸਨ, ਬਾਅਦ ਦੁਪਹਿਰ ਯੂ ਸੀ ਪੀ ਦੀਆਂ ਨੀਲੇ ਰੰਗ ਦੀਆਂ ਸ਼ਰਟਾਂ ਪਹਿਨੀ ਵਾਲੰਟੀਅਰਾਂ ਦੇ ਰੂਪ ਵਿੱਚ ਮੁਰਗਾ ਭੁੰਨ ਰਹੇ ਵਾਲੰਟੀਅਰਾਂ ਕੋਲੋਂ ਗਰਮਾਂ ਗਰਮ ਮੁਰਗੇ ਲਈ ਆਪਣੇ ਦੋਵੇਂ ਹੱਥ ਵਧਾ ਰਹੇ ਸਨ। ਹੁਣ ਤਾਂ ਕਹਾਣੀ ਇੱਥੋਂ ਤੱਕ ਵੀ ਪੁੱਜ ਗਈ ਕਿ ਪੰਜਾਬ ਦੇ ਲੀਡਰਾਂ ਨੂੰ ਦਲਬਦਲੂ ਕਹਿਣ ਵਾਲੇ ਐਮ ਐਲ ਏ ਅਤੇ ਐਮ ਪੀ ਦੇ ਅਹੁਦੇ ਦਾ ਆਨੰਦ ਮਾਨਣ ਉਪਰੰਤ ਲਾਲ ਤੋਂ ਨੀਲੇ ਹੁੰਦਿਆਂ ਵੀ ਸ਼ਰਮ ਮਹਿਸੂਸ ਨਹੀਂ ਕਰਦੇ । ਸਵੈ ਇਖਲਾਕ ਦੀਆਂ ਹੱਦਾਂ ਬੰਨੇ ਤੋੜ ਅਗਲੀ ਕਤਾਰ ਵਿੱਚ ਬੈਠ ਐਦਾਂ ਦਾ ਸੀਨ ਪੇਸ਼ ਕਰ ਰਹੇ ਹੁੰਦੇ ਹਨ ਜਿਵੇਂ ਨੀਲੇ ਰੰਗ ਦੀ ਰਾਜਨੀਤਕ ਬਦਲੋਟੀ ਵੱਲ ਕੋਈ ਲਾਲ ਭੂੰਡ ਉੱਡਕੇ ਜਾ ਰਿਹਾ ਹੋਵੇ ,ਅਖੇ ਠਹਿਰ ਮੈਂ ਤੈਨੂੰ ਸਹਾਰਾ ਦੇਣ ਆਇਆ ਹਾਂ। ਵੋਟਾਂ ਦੇ ਦਿਨੀਂ ਸਾਡੇ ਕੁੱਝ ਲੋਕਾਂ ਦੇ ਐਹੋ ਜਿਹੇ ਵਰਤਾਰੇ ਸਮੁੱਚੇ ਭਾਈਚਾਰੇ ਉੱਪਰ ਧੱਬਾ ਬਣ ਜਾਂਦੇ ਹਨ। ਇੱਕ ਹੋਰ ਵੱਡਾ ਦੁਖਾਂਤ ਇਹ ਹੈ ਕਿ ਪਾਰਟੀ ਦੀ ਨਾਮੀਨੇਸ਼ਨ ਵੇਲੇ ਚੋਣ ਜਿੱਤਣ ਵਾਲੇ ਉਮੀਂਦਵਾਰ ਨੂੰ ਉਸ ਕੋਲੋਂ ਚੋਣ ਹਾਰਨ ਵਾਲੇ ਉਮੀਂਦਵਾਰ ਕੋਲੋਂ ਚੋਣਾਂ ਵੇਲੇ ਸਹਿਯੋਗ ਨਹੀਂ ਮਿਲਦਾ । ਸਾਡੇ ਪੰਜਾਬੀ ਭਾਈਚਾਰੇ ਅੰਦਰ ਇਹ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ ਕਿ ਨਾਮੀਨੇਸ਼ਨ ਚੋਣ ਹਾਰਨ ਵਾਲਾ ਬਾਦ ਵਿੱਚ ਆਪਣੀ ਪਾਰਟੀ ਦੇ ਉਮੀਂਦਵਾਰ ਦੀ ਚੋਣ ਮੁਹਿੰਮ ਦਾ ਹਿੱਸਾ ਬਣਿਆ ਹੋਵੇ ਸਗੋਂ ਵਿਰੋਧੀ ਪਾਰਟੀ ਨੂੰ ਸਿੱਧੇ ਮੱਥੇ ਜਾਂ ਅੰਦਰਖਾਤੇ ਆਪਣਾ ਸਹਿਯੋਗ ਦੇ ਰਿਹਾ ਹੁੰਦਾ ਹੈ ਅਖੇ ਮੈਂ ਤਾਂ ਆਪਣੀ ਨਾਮੀਨੇਸ਼ਨ ਵਾਲੀ ਹਾਰ ਦਾ ਬਦਲਾ ਲੈਣਾ ਹੈ । ਫਿਰ ਉਸ ਮੌਕੇ ਇਹਨਾਂ ਨੂੰ ਕੋਈ ਪੁੱਛੇ ਕਿ ਬਈ ਪਾਰਟੀ ਲਈ ਸਟੈਂਡ ਕਿਹੜੀ ਸ਼ੈਅ ਨੂੰ ਕਹਿੰਦੇ ਹਨ। ਸੋ ਪੰਜਾਬੀਓ, ਰਾਜਨੀਤਕ ਖੇਤਰ ਵਿੱਚ ਇਹ ਸਾਡਾ ਹਾਲ ਹੋ ਚੁੱਕਾ ਹੈ। ਲੋੜ ਹੈ, ਆਪਣੀ ਰਾਜਨੀਤਕ ਸੋਚ ਨੂੰ ਪਰਪੱਕ ਕਰੀਏ ਕਿਤੇ ਅਜਿਹਾ ਨਾ ਹੋ ਜਾਵੇ ਕਿ ਕਨੇਡਾ ਦੀਆਂ ਰਾਜਨੀਤਕ ਪਾਰਟੀਆਂ ਦੇ ਫੈਸਲਾਕੁਨ ਲੀਡਰ ਸਾਡੇ ਪੰਜਾਬੀ ਭਾਈਚਾਰੇ ਦੇ ਵੋਟ ਬੈਂਕ ਬਾਰੇ ਅਜਿਹਾ ਪ੍ਰਭਾਵ ਸਿਰਜ ਲੈਣ ਕਿ ਇਹਨਾਂ ਦਾ ਕੀ ਐ ! ਜਿੱਥੇ,ਜਦੋਂ,ਜਿਵੇਂ ਮਰਜੀ ਵਰਤ ਲਵਾਂਗੇ । ਸੋ ਸਾਵਧਾਨ ਹੋਣ ਦੀ ਲੋੜ ਐ!

**ਸੁਖਜਿੰਦਰ ਸਮਰਾ**
ਮੋ. 1 780 300 2000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਮਨੁੱਖੀ ਹੱਕਾਂ ਦੀ ਉਲੰਘਣਾ ਬੰਧੂਆ ਮਜ਼ਦੂਰੀ



ਗੁਰਮੀਤ ਸਿੰਘ ਪਲਾਹੀ



ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲ ਲੇਬਰ ਕਮਿਸ਼ਨ (ਅੰਤਰਰਾਸ਼ਟਰੀ ਮਜ਼ਦੂਰ ਸੰਗਠਨ) ਅਤੇ ਯੂਰਪੀ ਸੰਗਠਨ ਦੀ ਇੱਕ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਸੱਤ ਸਾਲ ਪਹਿਲਾਂ ਤੱਕ ਦੁਨੀਆ ਭਰ ਵਿੱਚ 2.80 ਕਰੋੜ ਲੋਕ ਜਬਰੀ ਮਜ਼ਦੂਰੀ ਵਾਲੀਆਂ ਹਾਲਤਾਂ 'ਚ ਕੰਮ ਕਰਦੇ ਸਨ। ਹੁਣ ਇਹ ਗਿਣਤੀ ਦਸ ਗੁਣਾ (28 ਕਰੋੜ ਤੋਂ ਵੱਧ) ਹੋ ਚੁੱਕੀ ਹੈ। ਕੀ ਇਹ ਮਨੁੱਖੀ ਹੱਕਾਂ ਦੀ ਉਲੰਘਣਾ ਨਹੀਂ ਹੈ ?

ਇਸ ਜਬਰੀ ਮਜ਼ਦੂਰੀ ਤੋਂ ਬਿਨ੍ਹਾਂ ਇੱਕ ਆਧੁਨਿਕ ਗੁਲਾਮੀ ਦਾ ਵੀ ਲੋਕ ਸ਼ਿਕਾਰ ਹਨ। ਇਹਨਾ ਦੀ ਗਿਣਤੀ 4.03 ਕਰੋੜ ਆਂਕੀ ਗਈ ਹੈ, ਜਿਹਨਾ 2.49 ਕਰੋੜ ਲੋਕਾਂ ਤੋਂ ਮਜ਼ਬੂਰਨ ਮਜ਼ਦੂਰੀ ਕਰਾਈ ਜਾ ਰਹੀ ਹੈ। ਦੇਸ਼ ਭਾਰਤ ਵਿੱਚ ਇਹੋ ਜਿਹੇ ਹਜ਼ਾਰਾਂ ਬੰਧੂਆ ਮਜ਼ਦੂਰ ਹਨ, ਜੋ ਘਰੇਲੂ ਕੰਮ, ਜਿਹਨਾ 'ਚ ਕੱਪੜੇ ਧੋਣਾ, ਖਾਣਾ ਬਣਾਉਣਾ, ਬੱਚਿਆਂ ਦੀ ਦੇਖਭਾਲ ਕਰਨਾ, ਬਾਗਬਾਨੀ ਆਦਿ ਦੇ ਕੰਮ ਕਰਦੇ ਹਨ। ਇਹਨਾ ਨੂੰ ਮਾਮੂਲੀ ਜਿਹੇ ਪੈਸੇ ਦਿੱਤੇ ਜਾਂਦੇ ਹਨ, ਉਹ ਵੀ ਸਮੇਂ 'ਤੇ ਨਹੀਂ। ਬਹੁਤ ਸਾਰੇ ਮਜ਼ਦੂਰਾਂ ਨੂੰ ਤਾਂ ਮਜ਼ਦੂਰੀ ਬਦਲੇ ਸਿਰਫ਼ ਖਾਣਾ, ਕੱਪੜਾ ਅਤੇ ਰਹਿਣ ਲਈ ਛੋਟੀ-ਮੋਟੀ ਰਿਹਾਇਸ਼ ਦਿੱਤੀ ਜਾਂਦੀ ਹੈ।

ਇੱਕ ਮੋਟਾ ਜਿਹਾ ਅੰਦਾਜ਼ਾ ਹੈ ਕਿ ਦੁਨੀਆ ਭਰ 'ਚ 6.8 ਕਰੋੜ ਔਰਤਾਂ ਅਤੇ ਮਰਦ ਘਰੇਲੂ ਨੌਕਰ ਦੇ ਤੌਰ 'ਤੇ ਕੰਮ ਕਰਦੇ ਹਨ। ਇਹਨਾ ਵਿੱਚੋਂ ਪਿੰਡਾਂ ਵਿੱਚ 80 ਫ਼ੀਸਦੀ ਔਰਤਾਂ ਅਤੇ ਲੜਕੀਆਂ ਹਨ। ਇਹਨਾ ਨੂੰ ਕਾਨੂੰਨੀ ਤੌਰ 'ਤੇ ਮਜ਼ਦੂਰ ਨਹੀਂ ਸਗੋਂ ਮਦਦ ਕਰਨ ਵਾਲੇ ਕਾਮੇ ਸਮਝਿਆ ਜਾਂਦਾ ਹੈ। ਇਹਨਾ ਨੂੰ ਕੋਈ ਤਨਖ਼ਾਹ ਨਹੀਂ ਮਿਲਦੀ, ਛੁੱਟੀਆਂ ਦੀ ਤਾਂ ਗੱਲ ਹੀ ਛੱਡ ਦਿਉ। ਸਿਹਤ ਸਹੂਲਤਾਂ ਤਾਂ ਦੂਰ ਦੀ ਗੱਲ ਹੈ, ਸਮਾਜਿਕ ਸੁਰੱਖਿਆ ਤਾਂ ਇਹਨਾ 'ਚ ਮਿਲਣੀ ਹੀ ਕੀ ਹੈ। ਅਸਲ ਵਿੱਚ ਤਾਂ ਇਹ ਆਧੁਨਿਕ ਯੁੱਗ 'ਚ ਇਹੋ ਜਿਹੇ ਕਾਮੇ ਹਨ, ਜਿਹਨਾ ਦੀ ਆਵਾਜ਼ ਕੋਈ ਸੁਣਦਾ ਹੀ ਨਹੀਂ। ਇਹ ਲੋਕ ਖੇਤੀ ਖੇਤਰ 'ਚ ਕੰਮ ਵੀ ਕਰਦੇ ਹਨ, ਪੈਕਿੰਗ, ਇੱਟਾਂ ਦੇ ਭੱਠਿਆਂ ਉੱਤੇ, ਨਿਰਮਾਣ ਕੰਮਾਂ 'ਚ ਵੀ ਲੱਗੇ ਹਨ ਅਤੇ ਇਥੋਂ ਤੱਕ ਕਿ ਸਰੀਰ ਵੇਚਣ ਦੇ ਕਿੱਤੇ 'ਚ ਲੱਗੀਆਂ ਔਰਤਾਂ ਵੀ ਇਸੇ ਸ਼੍ਰੇਣੀ 'ਚ ਆਉਂਦੀਆਂ ਹਨ।

ਪ੍ਰਵਾਸ ਹੰਢਾਉਣ ਵਾਲੇ ਲੋਕ, ਗਰੀਬ ਦਲਿਤ, ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਬਗਾਰ ਜਾਂ ਗੁਲਾਮੀ ਦੇ ਜੀਵਨ ਵੱਲ ਧੱਕਣ ਦਾ ਯਤਨ ਹੁੰਦਾ ਹੈ। ਇੱਕਵੀਂ ਸਦੀ, ਜਿਸਨੂੰ ਆਧੁਨਿਕ ਸਦੀ ਕਿਹਾ ਜਾ ਰਿਹਾ ਹੈ, ਵਿੱਚ ਵੀ ਗੁਲਾਮੀ ਦਾ ਜੀਵਨ ਖ਼ਤਮ ਨਹੀਂ ਹੋਇਆ, ਸਿਰਫ਼ ਇਸ ਦਾ ਸਰੂਪ ਬਦਲਿਆ ਹੈ। ਬਗਾਰ ਭਾਵ ਮੁੱਲ ਚੁੱਕਤਾ ਕਰਨ ਬਿਨ੍ਹਾਂ ਮਜ਼ਦੂਰੀ ਕਰਾਉਣਾ ।ਲੱਖ ਯਤਨ ਰਾਸ਼ਟਰ ਸੰਘ (ਯੂ.ਐਨ.ਓ) ਵਲੋਂ ਕੀਤੇ ਜਾ ਰਹੇ ਹਨ, ਪਰ ਨਾ ਮਾਨਵ ਤਸਕਰੀ ਬੰਦ ਹੋਈ ਹੈ, ਨਾ ਬਗਾਰ, ਨਾ ਬਾਲ ਮਜ਼ਦੂਰੀ। ਮੌਜੂਦਾ ਸਾਮਰਾਜਵਾਦੀ ਯੁੱਗ 'ਚ ਸਾਮੰਤੀ, ਅਫ਼ਸਰਸ਼ਾਹੀ ਕਮਜ਼ੋਰ ਵਰਗ ਦੇ ਲੋਕਾਂ ਤੋਂ ਬਗਾਰ ਕਰਵਾ ਰਹੀ ਹੈ। ਉਸ ਕੋਲ ਸ਼ਕਤੀਆਂ ਦੀ ਭਰਮਾਰ ਹੈ। ਅੱਜ ਦੁਨੀਆ ਦੇ ਹਰੇਕ ਇਕ ਹਜ਼ਾਰ ਲੋਕਾਂ ਪਿੱਛੇ ਘੱਟੋ-ਘੱਟ ਤਿੰਨ ਵਿਅਕਤੀ ਬਗਾਰ ਕਰਨ ਲਈ ਮਜ਼ਬੂਰ ਹਨ।

ਦੁਨੀਆ ਵਿੱਚ ਇਹੋ ਜਿਹੀ ਗੁਲਾਮੀ, ਇਹੋ ਜਿਹੀ ਬਗਾਰ ਕਰਨ ਵਾਲੇ ਲੋਕਾਂ ਵਿੱਚ 50 ਫ਼ੀਸਦੀ ਤੋਂ ਵੱਧ ਏਸ਼ੀਆ ਮਹਾਂਸਾਗਰ ਖੇਤਰ ਵਿੱਚ ਹਨ। ਜਦੋਂ ਤੋਂ ਯੂਰਪੀਅਨ ਕਮਿਸ਼ਨ ਦੀ ਰਿਪੋਰਟ ਛਪੀ ਹੈ, ਦੁਨੀਆ 'ਚ ਹਾਹਾਕਾਰ ਮੱਚ ਗਈ ਹੈ। ਅਮਰੀਕਾ ਵਿੱਚ ਇਸ ਸਬੰਧੀ ਇੱਕ ਕਾਨੂੰਨ ਬਣਾ ਦਿੱਤਾ ਗਿਆ ਹੈ। ਸਯੁੰਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਲੇਬਰ ਕਮਿਸ਼ਨ ਇਸ ਸਬੰਧੀ ਹੋਰ ਵੀ ਚੌਕਸ ਹੋ ਗਿਆ ਹੈ।

ਭਾਰਤੀ ਸੰਵਿਧਾਨ ਦੀ ਧਾਰਾ-23 ਸਪਸ਼ਟ ਰੂਪ ਵਿੱਚ ਜ਼ਬਰੀ ਮਜ਼ਦੂਰੀ, ਭਾਵ ਬੰਧੂਆ ਮਜ਼ਦੂਰੀ, ਮਨੁੱਖੀ ਤਸਕਰੀ (ਵੇਚ ਵੱਟਤ) ਆਦਿ ਦਾ ਸਖ਼ਤ ਵਿਰੋਧ ਕਰਦੀ ਹੈ। ਬਾਲ ਮਜ਼ਦੂਰੀ ਸਬੰਧੀ 2016 'ਚ ਇਕ ਸੋਧ ਬਿੱਲ ਵੀ ਪਾਰਲੀਮੈਂਟ 'ਚ ਪਾਸ ਕੀਤਾ ਗਿਆ, ਜਿਸ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੰਮ ਲੈਣਾ ਕਾਨੂੰਨੀ ਅਪਰਾਧ ਹੈ, ਪਰ ਹੈਰਾਨੀ ਵਾਲੀ ਗੱਲ ਹੈ ਕਿ ਖੇਤੀ ਖੇਤਰ ਦੇ ਨਾਲ ਘਰੇਲੂ ਕਾਰੋਬਾਰ ਅਤੇ ਅਸੰਗਠਿਤ ਖੇਤਰ 'ਤੇ ਇਹ ਕਾਨੂੰਨ ਲਾਗੂ ਨਹੀਂ ਹੈ। ਕਾਨੂੰਨ ਅਨੁਸਾਰ 14 ਸਾਲ ਦੀ ਉਮਰ ਦੇ ਬੱਚੇ ਤੋਂ ਕਿਸੇ ਕਾਰਖਾਨੇ ਜਾਂ ਖਾਣਾਂ ਆਦਿ 'ਚ ਕੰਮ ਕਰਾਉਣਾ ਜ਼ੁਰਮ ਹੈ ਭਾਵ ਉਹਨਾਂ ਨੂੰ ਉਥੇ ਰੁਜ਼ਗਾਰ 'ਤੇ ਨਹੀਂ ਲਾਇਆ ਜਾ ਸਕਦਾ, ਪਰ ਚਾਹ ਦੀਆਂ ਦੁਕਾਨਾਂ, ਢਾਬੇ, ਇੱਟਾਂ ਦੇ ਭੱਠੇ ਬਾਲ ਮਜ਼ਦੂਰਾਂ ਨਾਲ ਭਰੇ ਪਏ ਹਨ ਅਤੇ ਬਗਾਰ ਆਦਿ ਵੀ ਇਹਨਾ ਥਾਵਾਂ ਉਤੇ ਆਮ ਵੇਖਣ ਨੂੰ ਮਿਲਦੀ ਹੈ।

ਜਿਵੇਂ ਅਮਰੀਕਾ 'ਚ ਗੁਲਾਮਾਂ ਦੀ ਗਿਣਤੀ ਵੱਡੀ ਰਹੀ, ਕਾਲੇ ਲੋਕਾਂ ਨੂੰ ਗੁਲਾਮ ਬਣਾਕੇ, ਉਹਨਾ ਦੀ ਵਿਕਰੀ ਤੱਕ ਕੀਤੀ ਜਾਂਦੀ ਰਹੀ। ਦੁਨੀਆ ਦੇ ਹੋਰ ਖਿੱਤਿਆਂ 'ਚ ਵੀ ਇਹ ਵਰਤਾਰਾ ਲਗਾਤਾਰ ਵੇਖਣ ਨੂੰ ਮਿਲਦਾ ਰਿਹਾ। ਰਾਜਿਆਂ, ਮਹਾਰਾਜਿਆਂ ਦੇ ਮੁਹੱਲਾਂ 'ਚ ਕੰਮ ਕਰਦੇ ਲੋਕਾਂ, ਜਗੀਰਦਾਰਾਂ ਦੇ ਪਰਜਾ ਬਣਕੇ ਰਹਿੰਦੇ ਲੋਕਾਂ ਦੇ ਹੱਕ ਕਿਥੇ ਸਨ ? ਉਹਨਾਂ ਦਾ ਜੀਵਨ ਤਾਂ ਅੰਧਕਾਰ ਨਾਲ ਭਰਿਆ ਦਿਸਦਾ ਸੀ।

ਦੇਸ਼ ਭਾਰਤ 'ਚ ਖੇਤੀ ਖੇਤਰ 'ਚ ਕੰਮ ਕਰਦੇ ਸੀਰੀ, ਖੇਤ ਮਜ਼ਦੂਰ ਵੱਡਿਆਂ ਜ਼ਿਮੀਦਾਰਾਂ ਤੋਂ ਕਰਜ਼ਾ ਲੈ ਕੇ ਖੇਤੀ ਕਰਦੇ ਅਤੇ ਢਿੱਡ ਨੂੰ ਝੁਲਕਾ ਦੇਣ ਵਾਲੇ ਲੋਕਾਂ ਦਾ ਜੀਵਨ ਤਸੱਵਰ ਕਰਨਾ ਔਖਾ ਨਹੀਂ, ਭੈੜੀਆਂ ਹਾਲਤਾਂ 'ਚ ਕੰਮ ਕਰਨ ਵਾਲੇ, ਇਹਨਾ ਲੋਕਾਂ ਬਾਰੇ ਉਹਨਾ ਦੇ ਜੀਵਨ ਬਾਰੇ, ਉਹਨਾਂ ਦੀ ਔਲਾਦ ਬਾਰੇ ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਦੇ ਬੋਲ ਕੌਣ ਭੁੱਲ ਸਕਦਾ ਹੈ:-

"ਜਿਥੇ ਬੰਦਾ ਜੰਮਦਾ ਸੀਰੀ ਹੈ, ਟਕਿਆਂ ਦੀ ਮੀਰੀ ਪੀਰੀ ਹੈ, ਜਿਥੇ ਕਰਜ਼ੇ ਹੇਠ ਪੰਜੀਰੀ ਹੈ, ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜਿਹੜੇ।"

ਅੱਜ ਜਦੋਂ ਸਾਮਰਾਜੀ ਸਮਾਜ ਵਿੱਚ ਗਰੀਬ-ਅਮੀਰ ਦਾ ਪਾੜ ਵੱਧ ਰਿਹਾ ਹੈ, ਵੱਡੇ ਅਮੀਰਾਂ ਦੀ ਜਾਇਦਾਦ ਲਗਾਤਾਰ ਵੱਧ ਰਹੀ ਹੈ, ਸਮਾਜ ਵਿੱਚ ਵਿਸ਼ਵ ਪੱਧਰ 'ਤੇ ਹੀ ਗਰੀਬ ਅਤੇ ਜਾਇਦਾਦ ਵਿਹੂਣੇ ਲੋਕਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ, ਉਸ ਹਾਲਤ ਵਿੱਚ ਗਰੀਬਾਂ ਦਾ ਜੀਵਨ ਜੀਊਣਾ ਦੁੱਬਰ ਹੁੰਦਾ ਜਾ ਰਿਹਾ ਹੈ। ਜਦੋਂ ਸਿਰਫ਼ ਰੋਟੀ ਦਾ ਹੀ ਆਹਰ ਬੰਦੇ ਦੇ ਗਲ ਪਾ ਦਿੱਤਾ ਗਿਆ ਹੋਵੇ, ਉਸ ਨੇ ਆਪਣੇ ਹੱਕਾਂ ਬਾਰੇ ਕਿਵੇਂ ਸੋਚਣਾ ਹੈ। ਉਸਨੂੰ ਤਾਂ ਢਿੱਡ ਝੁਲਕਾ ਦੇਣ ਲਈ ਮਾੜੇ-ਮੋਟੇ, ਮਾੜੇ-ਪਤਲੇ, ਹਰ ਕਿਸਮ ਦੇ ਕੰਮ ਬਗਾਰ ਦੇ ਰੂਪ 'ਚ ਕਰਨੇ ਹੀ ਪੈਂਦੇ ਹਨ। ਇਹ ਆਧੁਨਿਕ ਬਗਾਰ-ਵਰਤਾਰਾ ਸਲੱਮ ਏਰੀਆ ਦੀਆਂ ਝੌਂਪੜੀਆਂ ਤੋਂ ਲੈ ਕੇ ਵੱਡੀਆਂ ਗੁੰਬਦਾਂ ਵਾਲੀਆਂ ਕੋਠੀਆਂ ਦੇ ਪੈਰਾਂ 'ਚ ਰਹਿੰਦੇ ਇਨਸਾਨ ਰੂਪੀ ਮਜ਼ਦੂਰਾਂ ਦੇ ਗਲ ਪਿਆ ਹੋਇਆ ਹੈ। ਇਥੇ ਤਾਂ ਇਛਾਵਾਂ, ਆਸ਼ਾਵਾਂ ਦਾ ਕਤਲ ਹੁੰਦਾ ਹੈ। ਇਥੇ ਤਾਂ ਬੰਦਾ ਉੱਚੀ ਚੀਕ ਮਾਰਨ ਦੇ ਯੋਗ ਵੀ ਨਹੀਂ ਰਹਿੰਦਾ। ਮਨ 'ਚੋਂ ਉਭਾਲ ਕਢਣਾ, ਉਦਾਸੀ, ਖੁਸ਼ੀ ਪ੍ਰਗਟ ਕਰਨਾ ਕਿਥੇ ਰਹਿ ਜਾਂਦਾ ਹੈ ਉਸਦੇ ਪੱਲੇ ? ਉਹ ਤਾਂ ਇੱਕ ਲਾਸ਼ ਬਣਿਆ ਦਿਸਦਾ ਹੈ। ਇਹੋ ਜਿਹੀਆਂ ਹਾਲਤਾਂ 'ਚ ਕਿਥੇ ਰਹਿ ਜਾਂਦੇ ਹਨ ਮਨੁੱਖੀ ਹੱਕ ?

ਯੂ.ਐਨ. ਅਨੁਸਾਰ ਮਨੁੱਖ ਦੇ 30 ਹੱਕ ਹਨ ਇਸ ਸ੍ਰਿਸ਼ਟੀ 'ਤੇ। ਜ਼ਿੰਦਗੀ ਜੀਊਣ ਦਾ ਹੱਕ, ਸਿੱਖਿਆ ਦਾ ਹੱਕ ਅਤੇ ਜ਼ਿੰਦਗੀ 'ਚ ਚੰਗਾ ਵਰਤਾਰਾ ਪ੍ਰਾਪਤ ਕਰਨ ਦਾ ਹੱਕ ਅਤੇ ਇਸ ਤੋਂ ਵੀ ਵੱਡਾ ਹੱਕ ਹੈ ਗੁਲਾਮੀ ਅਤੇ ਤਸੀਹੇ ਰਹਿਤ ਜ਼ਿੰਦਗੀ ਜੀਊਣ ਦਾ ਹੱਕ।

ਪਰ ਬਗਾਰ ਤਾਂ ਤਸੀਹੇ ਭਰੀ ਵੀ ਹੈ ਅਤੇ ਜ਼ਿੰਦਗੀ ਜੀਊਣ ਦੇ ਹੱਕ ਉਤੇ ਵੀ ਵੱਡਾ ਡਾਕਾ ਹੈ। ਬਗਾਰ ਭਰੀ ਜ਼ਿੰਦਗੀ, ਸੁਖਾਵੀਂ ਕਿਵੇਂ ਹੋ ਸਕਦੀ ਹੈ ? ਸ਼ਾਹੂਕਾਰ ਦਾ ਕਰਜ਼ਾ ਸਿਰ 'ਤੇ ਹੋਵੇ ,ਜਾਂ ਬੈਂਕ ਦਾ, ਮਾਨਸਿਕ ਗੁਲਾਮੀ ਨੂੰ ਸੱਦਾ ਤਾਂ ਦਿੰਦਾ ਹੀ ਹੈ। ਮਨੁੱਖ ਦੀ ਜ਼ਿੰਦਗੀ, ਆਜ਼ਾਦੀ ਅਤੇ ਖੁਸ਼ੀ ਉਤੇ ਪ੍ਰਭਾਵ ਤਾਂ ਪੈਂਦਾ ਹੀ ਹੈ।

ਅੱਜ ਜਦਕਿ ਵਿਸ਼ਵ ਇੱਕ ਪਿੰਡ ਵਜੋਂ ਵਿਚਰ ਰਿਹਾ ਹੈ, ਇਸ ਵਿੱਚ ਮਨੁੱਖੀ ਹੱਕਾਂ ਦੇ ਢੋਲ ਬਜਾਏ ਜਾ ਰਹੇ ਹਨ। ਇਕੱਠੇ ਹੋਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਆਧੁਨਿਕ ਯੁੱਗ 'ਚ ਧਰਮ, ਜਾਤ, ਦੇਸ਼ ਦੇ ਪਾੜੇ ਨੂੰ ਮਿਟਾਉਣ ਲਈ ਯਤਨ ਕੀਤੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਸਭ ਲਈ ਬਰੋਬਰ ਕਾਨੂੰਨ, ਸਭ ਲਈ ਚੰਗੀ ਸਿਹਤ, ਸਿੱਖਿਆ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ, ਤਾਂ ਫਿਰ ਸਵਾਲ ਉੱਠਦਾ ਹੈ ਕਿ ਆਖ਼ਿਰ ਇਸ ਯੁੱਗ ਵਿੱਚ ਗੁਲਾਮੀ, ਬਗਾਰ, ਪਾੜਾ, ਤਸੀਹੇ ਕਿਉਂ ਵਧ ਰਹੇ ਹਨ ? ਸਾਮੰਤੀ ਸੋਚ ਵਾਲੇ ਲੋਕਾਂ ਵਲੋਂ ਆਪਣੇ ਨਿੱਜੀ ਹਿੱਤਾਂ ਅਤੇ ਸੁੱਖ ਸਹੂਲਤਾਂ ਲਈ ਬਗਾਰ ਤੇ ਗੁਲਾਮੀ ਦੀ ਜ਼ਿੰਦਗੀ ਮੁੜ ਲਿਆਉਣ ਦਾ ਯਤਨ, ਕਾਨੂੰਨ ਲਾਗੂ ਕਰਨ ਦੇ ਨਾਅ ਉਤੇ ਪੁਲਿਸ ਮੁਕਾਬਲੇ, ਮਜ਼ਹਬ, ਧਰਮ ਦੇ ਨਾਅ ਉਤੇ ਮਾਰ-ਵੱਢ, ਜਾਤ , ਲਿੰਗ ਦੇ ਨਾਅ ਉਤੇ ਮਨੁੱਖੀ ਤਸ਼ੱਦਦ ਦਾ ਵਧਣਾ, ਵਧਾਉਣਾ ਕੀ ਆਧੁਨਿਕ ਯੁੱਗ 'ਚ ਜੰਗਲੀ ਵਰਤਾਰੇ ਦੀ ਮੁੜ ਦਸਤਕ ਨਹੀਂ ਹੈ ?

ਮਨੁੱਖ ਉਸ ਨਿਆਪੂਰਨ ਸਮਾਜ ਦੀ ਸਥਾਪਨਾ ਚਾਹੁੰਦਾ ਹੈ, ਜਿਥੇ ਹਰ ਇੱਕ ਲਈ ਬਰਾਬਰ ਦੇ ਮੌਕੇ ਹੋਣ, ਜਿਥੇ ਬੁਨਿਆਦੀ ਹੱਕ ਹੋਣ, ਜਿਥੇ ਆਜ਼ਾਦੀ ਹੋਵੇ। ਬਗਾਰੀ ਅਤੇ ਮਨੁੱਖੀ ਹੱਕਾਂ ਦਾ ਘਾਣ ਮਾਨਵਤਾ ਵਿਰੁੱਧ ਇੱਕ ਅਪਰਾਧ ਹੈ।

ਚੇਤੰਨ ਬੁੱਧੀ ਵਾਲੇ ਲੋਕ ਹਿੱਕ ਕੱਢਕੇ ਇਸ ਪ੍ਰਵਿਰਤੀ ਅਤੇ ਵਰਤਾਰੇ ਵਿਰੁੱਧ ਲੜਦੇ ਰਹੇ ਹਨ ਅਤੇ ਹੁਣ ਵੀ ਸੰਘਰਸ਼ਸ਼ੀਲ ਹਨ।

# ਕੈਲਗਰੀ ਵਿੱਚ ਬਣਨ ਵਾਲੇ ਨਵੇਂ ਏਰੀਨਾ ਨੇ ਖੜ੍ਹੇ ਕੀਤੇ ਵੱਡੇ ਸਵਾਲ



ਕੈਲਗਰੀ ਦੇ ਡਾਊਨ ਟਾਊਨ ਵਿੱਚ ਆਈਸ-ਹਾਕੀ ਖੇਡਣ ਵਾਸਤੇ ਅਤੇ ਹੋਰ ਵੱਡੇ ਇਵੈਂਟ ਕਰਵਾਏ ਜਾਣ ਵਾਸਤੇ ਬਣੇ ਸਕੋਸ਼ੀਆ ਬੈਂਕ ਸੈਡਲਡੋਮ ਦੀ ਖਸਤਾਹਾਲ ਇਮਾਰਤ ਨੂੰ ਬਦਲਿਆ ਜਾਣਾ ਹੈ ਅਤੇ ਸਾਲ 2019 ਵਾਲਾ ਸੌਦਾ ਰੱਦ ਹੋ ਜਾਣ ਮਗਰੋਂ ਇਸ ਬਾਰੇ ਗ਼ੈਰ-ਯਕੀਨੀ ਬਣੀ ਹੋਈ ਸੀ। ਸੂਬੇ ਦੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ ਤੇ ਪਹਿਲੀ ਮਈ ਨੂੰ ਚੋਣ ਪ੍ਰੋਗਰਾਮ ਐਲਾਨ ਹੋ ਜਾਣ ਕਰਕੇ ਸਰਕਾਰ ਕੋਈ ਵੱਡਾ ਸਰਕਰੀ ਐਲਾਨ ਕਰ ਨਹੀਂ ਸੀ ਸਕਦੀ ਤੇ ਇਸੇ ਕਰਕੇ ਐਲਬਰਟਾ ਦੀ ਡੇਨੀਐੱਲ ਸਮਿਥ ਸਰਕਾਰ ਨੇ ਤੁਰਤ-ਫੁਰਤ 330 ਮਿਲੀਅਨ ਡਾਲਰ ਦੇਣ ਦਾ ਐਲਾਨ ਕਰ ਕੇ ਕੈਲਗਰੀ ਵਿੱਚੋਂ ਲੋਕਾਂ ਦੀਆਂ ਵੋਟਾਂ ਲੈਣ ਵਾਸਤੇ ਆਪਣੇ ਵੱਲੋਂ ਕੈਲਗਰੀ-ਪ੍ਰੇਮ ਜ਼ਾਹਿਰ ਕਰ ਦਿੱਤਾ ਹੈ।

ਇਸ ਨਵੇਂ ਇਵੈਂਟ ਸੈਂਟਰ ਦੀ ਕੁੱਲ ਲਾਗਤ 1.2 ਬਿਲੀਅਨ ਡਾਲਰ ਜਾਂ 1223 ਮਿਲੀਅਨ ਡਾਲਰ ਜਾਂ 12230 ਲੱਖ ਡਾਲਰ ਤੱਕ ਜਾ ਸਕਦੀ ਹੈ। ਇਸ ਵਿੱਚੋਂ ਲੱਗਪਗ 537 ਮਿਲੀਅਨ ਡਾਲਰ ਸਿਟੀ ਔਫ਼ ਕੈਲਗਰੀ ਨੇ, 330 ਮਿਲੀਅਨ ਡਾਲਰ ਐਲਬਰਟਾ ਸਰਕਰ ਨੇ ਅਤੇ ਬਾਕੀ ਬਚਦੀ 356 ਮਿਲੀਅਨ ਡਾਲਰ ਦੀ ਰਕਮ ਕੈਲਗਰੀ ਫ਼ਲੇਮਜ਼ ਟੀਮ ਦੀ ਮਾਲਕ 'ਕੈਲਗਰੀ ਸਪੋਰਟਸ ਐਂਡ ਐਂਟਰਟੇਨਮੈਂਟ ਕਾਰਪੋਰੇਸ਼ਨ' – 'ਸੀਸੈਕ' ਵੱਲੋਂ ਦਿੱਤੀ ਜਾਣੀ ਹੈ।

'ਸੀਸੈਕ' ਬਹੁਤ ਅਮੀਰ ਸੰਸਥਾ ਹੈ ਅਤੇ ਇਹ 'ਅਰਬਪਤੀ' ਕੰਪਨ ਹੈ ਜਿਹੜ ਖਿਡਾਰੀਆਂ ਨੂੰ ਹਰ ਵਰ੍ਹੇ ਕਈ ਮਿਲੀਅਨ ਡਾਲਰਾਂ ਵਿੱਚ ਖਰੀਦਦੀ ਹੈ। ਮੋਟਾ ਲਾਭ ਕਮਾਉਂਦੀ ਹੈ ਪਰ ਸਰਕਾਰੀ ਖ਼ਜ਼ਾਨੇ ਵਿੱਚੋਂ ਇਸ ਨਵੇਂ ਇਵੈਂਟ ਸੈਂਟਰ ਉੱਪਰ ਖੁਲ੍ਹੀ ਡੁੱਲੀ ਰਕਮ ਖ਼ਰਚ ਕਿਉਂ ਕੀਤੀ ਜਾ ਰਹੀ ਹੈ, ਇਸ ਬਾਰੇ ਕਈ ਸ਼ੰਕੇ ਪੈਦਾ ਹੋ ਗਏ ਹਨ।

ਇਸ ਨਵੇਂ ਏਰੀਨਾ ਵਾਸਤੇ ਸਿਟੀ ਔਫ਼ ਕੈਲਗਰੀ, ਐਲਬਰਟਾ ਸਰਕਾਰ ਅਤੇ 'ਸੀਸੈਕ' ਦਰਮਿਆਨ 'ਮੈਮੋਰੰਡਮ ਔਫ਼ ਅੰਡਰਟਸਟੈਂਡਿੰਗ' ਉੱਪਰ ਹਸਤਾਖਰ ਕਰ ਲਏ ਗਏ ਹਨ। ਲੋਕਾਂ ਨੇ ਆਪਣੇ ਪੱਲਿਓਂ 850 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਦੇਣੀ ਹੈ।

ਇਸ ਦਾ ਮਾਲਕ ਕੌਣ ਹੋਵੇਗਾ, ਇਸ ਤੋਂ ਹਾਸਲ ਹੋਣ ਵਾਲੀ ਰਕਮ ਕਿਸ ਨੂੰ ਜਾਵੇਗੀ, ਇਸ ਦੇ ਰੱਖ-ਰਖਾਅ ਅਤੇ ਸਾਂਭ ਸੰਭਾਲ ਦਾ ਜ਼ਿੰਮਾ ਕਿਸ ਦਾ ਹੋਵੇਗਾ, ਟਿਕਟਾਂ ਦਾ ਮੁੱਲ ਵਧੇਗਾ ਜਾਂ ਨਹੀਂ ਆਦਿ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ ਹੈ।

ਸਰਕਾਰ ਨੂੰ ਕਾਹਲੀ ਸੀ ਕਿ ਚੋਣਾਂ ਸਿਰ 'ਤੇ ਹਨ ਤੇ ਐਲਾਨ ਪਹਿਲੀ ਮਈ ਤੋਂ ਪਹਿਲਾਂ ਹੀ ਹੋ ਸਕਦਾ ਸੀ, ਇਸ ਕਰਕੇ ਕਾਹਲੀ ਕੀਤੀ ਜਾ ਰਹੀ ਸੀ; 'ਸੀਸੈਕ'ਦਾ ਆਪਣਾ ਇਹ ਪ੍ਰੋਜੈਕਟ ਸੀ, ਉਸੇ ਨੂੰ ਇਸ ਵਿੱਚੋਂ ਚੋਖਾ ਲਾਭ ਮਿਲਣਾ ਹੁੰਦਾ ਹੈ, ਉਸ ਨੂੰ ਇਸ ਕਰਕੇ ਕਾਹਲੀ ਸੀ ਕਿ ਡੀਲ-ਡੰਨ ਹੋ ਜਾਵੇ। ਪਰ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਿਟੀ ਆਫ਼ ਕੈਲਗਰੀ ਨੂੰ ਕਾਹਲੀ ਕਾਹਲੀ ਸੀ ਕਿ ਆਪਣੇ (ਲੋਕਾਂ ਦੇ) ਪੱਲਿਓਂ ਸਭ ਤੋਂ ਵੱਡਾ ਹਿੱਸਾ 'ਦਾਨ'ਕਰ ਦੇਵੇ? ਜੇ ਇਹ ਦਾਨ ਨਹੀਂ ਹੈ ਤਾਂ ਇਸ ਰਕਮ ਦੀ ਵਾਪਸੀ ਕਦੋਂ ਤੱਕ ਅਤੇ ਕਿੰਨੀ ਕਿੰਨੀ ਹੋਵੇਗੀ, ਇਸ ਬਾਰੇ ਵੀ ਕੁੱਝ ਨਹੀਂ ਦਸਿਆ ਗਿਆ। ਸਰਕਾਰ ਨੇ 330 ਮਿਲੀਅਨ ਡਾਲਰ 3 ਸਾਲਾਂ ਵਿੱਚ ਦੇਣੇ ਹਨ ਪਰ 'ਸੀਸੈਕ' ਨੇ ਜਿਹੜੇ ਆਪਣੇ ਪੱਲਿਓਂ 356 ਮਿਲੀਅਨ ਡਾਲਰ ਦੇਣੇ ਹਨ ਉਸ ਵਿੱਚੋਂ ਸਿਰਫ਼ ਲਗਪਗ 40 ਮਿਲੀਅਨ ਪਹਿਲੇ ਸਾਲ ਦੇਣੇ ਹਨ ਤੇ ਬਾਕੀ ਦੀ ਰਕਮ 35 ਸਾਲਾਂ ਵਿੱਚ ਦੇਣੀ ਹੈ – ਲਗਪਗ 10 ਮਿਲੀਅਨ ਡਾਲਰ ਹਰ ਸਾਲ! ਦੱਸੋ ਏਡਾ ਵੱਡਾ ਲਾਭ ਵਾਲਾ ਜੁਗਾੜ ਹੋਰ ਕਦੋਂ ਹੋ ਸਕਦਾ ਸੀ? ਅਜਿਹਾ ਕਿਉਂ ਹੋਣਾ ਹੈ, ਸੌਦੇ ਵਿੱਚ ਇਸ ਬਾਰੇ ਵੀ ਕੁੱਝ ਨਹੀਂ ਦੱਸਿਆ ਗਿਆ।

ਸੂਬੇ ਦੀ ਪ੍ਰੀਮੀਅਰ ਡੇਨਿਐੱਲ ਸਮਿਥ ਨੇ ਕਿਹਾ ਹੈ ਕਿ ਇਸ ਰਕਮ ਨੂੰ ਦੇਣ ਦਾ ਫੈਸਲਾ 29 ਮਈ ਨੂੰ ਹੋਣ ਵਾਲੀਆਂ ਤੋਂ ਬਾਦ ਬਣਨ ਵਾਲੀ ਸਰਕਾਰ ਨੇ ਕਰਨਾ ਹੈ, ਇਸ ਲਈ ਉਹਨਾਂ ਨੂੰ ਵੋਟਾਂ ਪਾ ਕੇ ਜਿਤਾਓ! ਵਿਰੋਧੀ ਧਿਰ ਐਨਡੀਪੀ ਦਾ ਕਹਿਣਾ ਹੈ ਕਿ ਇਸ ਸੌਦੇ ਦੀਆਂ ਜਿਹੜੀਆਂ ਗੱਲਾਂ ਲੁਕੋਈਆਂ ਗਈਆਂ ਹਨ, ਪਹਿਲਾਂ ਉਹਨਾਂ ਦਾ ਖੁਲਾਸਾ ਕੀਤਾ ਜਾਵੇ। ਇਹ ਗੱਲਾਂ 29 ਮਈ ਤੋਂ ਬਾਦ ਖੁੱਲ੍ਹਣਗੀਆਂ ਜਿਸ ਨੂੰ ਲੈ ਕੇ ਸ਼ੰਕੇ ਪੈਦਾ ਹੋ ਗਏ ਹਨ।

ਕਿਹਾ ਜਾ ਰਿਹਾ ਹੈ ਕਿ ਇਸ ਸੌਦੇ ਵਿੱਚ 'ਸੀਸੈਕ' ਨੂੰ ਇਵੈਂਟ ਸੈਂਟ ਵਾਲੀ ਥਾਂ ਦੇ ਨਾਲ ਲੱਗਦੇ ਕਈ ਮਹਿੰਗੇ ਮੁੱਲ ਦੇ ਇਲਾਕਿਆਂ ਵਿੱਚ ਡਿਵੈਲਪਮੈਂਟ ਕਰਨ ਦੇ ਅਧਿਕਾਰ ਦਿੱਤੇ ਜਾ ਰਹੇ ਹਨ, ਉਸ ਵੱਟੇ ਸਿਟੀ ਜਾਂ ਸਰਕਾਰ ਨੂੰ ਕੀ ਮਿਲੇਗਾ; ਇਹ ਵੀ ਨਹੀਂ ਦੱਸਿਆ ਜਾ ਰਿਹਾ। ਲਗਪਗ 44% ਰਕਮ ਸਿਟੀ ਦੇ ਰਹੀ ਹੈ ਤੇ ਸਿਟੀ ਵਾਸੀਆਂ ਨੂੰ ਇਸ ਦਾ ਕੀ ਲਾਭ ਹੋਣਾ ਹੈ, ਉਹ ਵੀ ਨਹੀਂ ਦੱਸ ਰਹੇ! ਸਿਟੀ ਇਹ ਰਕਮ ਆਪਣੇ ਲੋਕਾਂ ਤੋਂ ਹਾਸਲ ਪ੍ਰੋਪਰਟੀ ਟੈਕਸ ਵਿੱਚੋਂ ਦੇ ਰਹੀ ਹੈ ਪਰ ਲੋਕਾਂ ਨੂੰ ਇਸ ਦਾ ਕੀ ਲਾਭ ਹੈ? ਕੀ ਲੋਕਾਂ ਦਾ ਪ੍ਰੋਪਰਟੀ ਟੈਕਸ ਵਧਾਇਆ ਜਵੇਗਾ? ਜੇ ਨਹੀਂ ਤਾਂ ਕਿੰਨਾ ਚਿਰ? ਔਖੇ ਸਮੇਂ ਲਈ ਸੰਭਾਲ ਰੱਖੀ ਰਕਮ ਵਿੱਚੋਂ ਇਸ ਨੂੰ ਖ਼ਰਚ ਕਿਉਂ ਕੀਤਾ ਜਾ ਰਿਹਾ ਹੈ? ਕੀ ਇਹ ਔਖਾ ਸਮਾਂ ਹੈ? ਸਵਾਲਾਂ ਦੇ ਜਵਾਬ ਕਿਉਂ ਨਹੀਂ ਦਿੱਤੇ ਜਾ ਰਹੇ? ਰਕਮਾਂ ਸੁੱਟ ਕੇ ਸਰਕਾਰ ਅਤੇ 'ਸੀਸੈਕ' ਨੂੰ ਤਾਂ ਲਾਭ ਮਿਲ ਸਕਦਾ ਹੈ,ਪਰ ਸਿਟੀ ਅਤੇ ਸਿਟੀ ਵਾਸੀਆਂ ਨੂੰ ਕੀ ਲਾਭ ਮਿਲਣਾ ਹੈ? ਸਰਕਾਰ ਨੇ ਸਾਰੇ ਸੂਬੇ ਦੇ ਲੋਕਾਂ ਦੀਆਂ ਜੇਬਾਂ ਵਿੱਚੋਂ ਕੱਢੇ 330 ਮਿਲੀਅਨ ਡਾਲਰ ਦੇਣੇ ਕਿਸ ਵਾਸਤੇ ਦੇਣੇ ਹਨ? ਜਾਂ ਮੈਡਿਸਿਨ ਹੈਟ, ਫੋਰਟ ਮੈਕਮਰੇ ਦੇ ਲੋਕਾਂ ਨੂੰ ਇਸ ਦਾ ਲਾਭ ਕੀ ਹੈ? ਸਵਾਲ ਜਵਾਬ ਮੰਗਦੇ ਹਨ ਤੇ 29 ਮਈ ਤੋਂ ਪਹਿਲਾਂ ਮੰਗਦੇ ਹਨ!

**ਸਰਕਾਰ ਨੂੰ ਕਾਹਲੀ ਸੀ ਕਿ ਚੋਣਾਂ ਸਿਰ 'ਤੇ ਹਨ ਤੇ ਐਲਾਨ ਪਹਿਲੀ ਮਈ ਤੋਂ ਪਹਿਲਾਂ ਹੀ ਹੋ ਸਕਦਾ ਸੀ, ਇਸ ਕਰਕੇ ਕਾਹਲੀ ਕੀਤੀ ਜਾ ਰਹੀ ਸੀ; 'ਸੀਸੈਕ'ਦਾ ਆਪਣਾ ਇਹ ਪ੍ਰੋਜੈਕਟ ਸੀ, ਉਸੇ ਨੂੰ ਇਸ ਵਿੱਚੋਂ ਚੋਖਾ ਲਾਭ ਮਿਲਣਾ ਹੁੰਦਾ ਹੈ, ਉਸ ਨੂੰ ਇਸ ਕਰਕੇ ਕਾਹਲੀ ਸੀ ਕਿ ਡੀਲ-ਡੰਨ ਹੋ ਜਾਵੇ। ਪਰ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਿਟੀ ਆਫ਼ ਕੈਲਗਰੀ ਨੂੰ ਕਾਹਲੀ ਕਾਹਲੀ ਸੀ ਕਿ ਆਪਣੇ (ਲੋਕਾਂ ਦੇ) ਪੱਲਿਓਂ ਸਭ ਤੋਂ ਵੱਡਾ ਹਿੱਸਾ 'ਦਾਨ'ਕਰ ਦੇਵੇ?**




**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com


**Edmonton**
Parminder Singh Balluana
780-258-5800
780 599 2000
Email: balluana.parminder@gmail.com


**Regina**
Gurbinder Singh Gagowal
306 520 4313, 639 999 1000
Email: gur.gago@gmail.com


**Saskatoon**
Rishi Joshi
639 742 1200
639 999 1000
Rishijoshi1990 @hotmail.com


**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਸਰੀ ਵਿਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਵਿਚ ਲੱਖਾਂ ਸੰਗਤਾਂ ਨੇ ਹਾਜ਼ਰੀ ਭਰੀ







ਸਰੀ,(ਹਰਦਮ ਮਾਨ, ਮਹੇਸ਼ਇੰਦਰ ਸਿੰਘ ਮਾਂਗਟ) ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਖਾਲਸਾ ਸਾਜਨਾ ਦਿਵਸ, ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਪੰਜਾਬ, ਇੰਡੀਆ ਤੋ ਬਾਹਰ ਆਪਣੀ ਵਿਸ਼ਾਲਤਾ ਲਈ ਪ੍ਰਸਿੱਧੀ ਪ੍ਰਾਪਤ ਇਸ ਧਾਰਮਿਕ ਇਕੱਠ ਵਿੱਚ ਲੱਖਾਂ ਦੀ ਗਿਣਤੀ ਵਿੱਚ ਨੌਜਵਾਨ, ਬੱਚੇ ਅਤੇ ਬਜ਼ੁਰਗ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ। ਕੋਵਿਡ ਮਹਾਂਮਾਰੀ ਉਪਰੰਤ ਪੂਰੇ ਤਿੰਨ ਸਾਲ ਬਾਦ ਹੋਏ ਇਸ ਨਗਰ ਕੀਰਤਨ ਵਿਚ ਸ਼ਾਮਿਲ ਹਰ ਇੱਕ ਚਿਹਰੇ 'ਤੇ ਇੱਕ ਵੱਖਰਾ ਜਲੌਅ ਝਲਕ ਰਿਹਾ ਸੀ।

ਪੰਜ ਪਿਆਰਿਆਂ ਦੀ ਰਹਿਨੁਮਾਈ ਹੇਠ ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਸ਼ਾਮ 4 ਵਜੇ ਵਾਪਸ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਆ ਕੇ ਸੰਪੂਰਨ ਹੋਇਆ।

ਸਰੀ ਦੇ ਵੱਖ -ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੰਘ ਗੱਤਕੇ ਦੇ ਜ਼ੌਹਰ ਦਿਖਾ ਰਹੇ ਸਨ। ਇਸ ਨਗਰ ਕੀਰਤਨ ਵਿਚ ਪਹਿਲੀ ਵਾਰ ਦੇਖਿਆ ਗਿਆ ਕਿ ਵੱਡੀ ਗਿਣਤੀ ਵਿੱਚ ਲੋਕਾਂ ਦੇ ਹੱਥਾਂ ਵਿਚ ਫੜ੍ਹੇ ਕੇਸਰੀ ਝੰਡੇ ਉਪਰ ਖਾਲਿਸਤਾਨ ਉੱਕਰਿਆ ਹੋਇਆ ਸੀ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ -ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ ਅਤੇ ਲੋਕ ਇਨ੍ਹਾਂ ਖਾਣਿਆਂ ਦਾ ਸਵਾਦ ਮਾਣ ਰਹੇ ਸਨ। ਗਰਮਾ ਗਰਮ ਪਕੌੜਿਆਂ ਤੋ ਇਲਾਵਾ ਛੋਲੇ ਭਠੂਰੇ, ਕੜੀ ਚਾਵਲ, ਸਾਗ ਮੱਕੀ ਦੀ ਰੋਟੀ, ਜਲੇਬੀਆਂ ਤੋਂ ਇਲਾਵਾ ਪੀਜਾ-ਬਰਗਰ ਵੀ ਸੁਆਦਲੇ ਪਕਵਾਨਾਂ ਵਿਚ ਸ਼ਾਮਿਲ ਸਨ। ਪਾਕਿਸਤਾਨੀ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵੀ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਤੇ ਚਾਹ ਦੇ ਲੰਗਰਾਂ ਵਿਚ ਯੋਗਦਾਨ ਵੀ ਪਾਇਆ।

ਇਸ ਵਾਰ ਨਗਰ ਕੀਰਤਨ ਦੌਰਾਨ ਨੌਜਵਾਨਾਂ ਦੀ ਸ਼ਮੂਲੀਅਤ ਭਾਰੀ ਉਤਸ਼ਾਹਪੂਰਵਕ ਰਹੀ। ਬਹੁਗਿਣਤੀ ਕੌਮਾਂਤਰੀ ਵਿਦਿਆਰਥੀ ਤੇ ਵਿਦਿਆਰਥਣਾਂ ਰਵਾਇਤੀ ਪੋਸ਼ਾਕਾਂ ਪਹਿਨਕੇ ਨਗਰ ਕੀਰਤਨ ਵਿੱਚ ਸ਼ਾਮਿਲ ਹੋਏ।

ਸਿਆਸੀ ਆਗੂਆਂ ਨੇ ਭਰੀ ਹਾਜ਼ਰੀ- ਫੈਡਰਲ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਅਰ, ਐਨ ਡੀ ਪੀ ਆਗੂ ਜਗਮੀਤ ਸਿੰਘ, ਜਸਰਾਜ ਸਿੰਘ ਹੱਲਣ ਐਮ ਪੀ ਕੈਲਗਰੀ , ਟਿਮ ਉਪਲ ਐਮ ਪੀ ਐਡਮਿੰਟਨ, ਬੀ ਸੀ ਪ੍ਰੀਮੀਅਰ ਡੇਵਿਡ ਈਬੀ, ਮੰਤਰੀ ਮੰਡਲ ਦੇ ਸਾਥੀ , ਕੰਜ਼ਰਵੇਟਿਵ ਐਮ ਪੀ ਕੈਰੀ ਲਿਨ, ਲਿਬਰਲ ਐਮ ਪੀ ਸੁੱਖ ਧਾਲੀਵਾਲ, ਐਮ ਪੀ ਰਣਦੀਪ ਸਿੰਘ ਸਰਾਏ, ਐਮ ਪੀ ਪਰਮ ਬੈਂਸ, ਕੈਬਨਿਟ ਮਨਿਸਟਰ ਹੈਰੀ ਬੈਂਸ, ਰਵੀ ਕਾਹਲੋਂ, ਜਗਰੂਪ ਬਰਾੜ, ਐਮ ਐਲ ਏ ਜਿੰਨੀ ਸਿਮਸ, ਐਮ ਐਲ ਏ ਅਮਨਦੀਪ ਸਿੰਘ ਤੇ ਹੋਰ ਕਈ ਪ੍ਰਾਂਤਕ ਆਗੂਆਂ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਤੇ ਸਿੱਖ ਜਗਤ ਨੂੰ ਖਾਲਸਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਜਿਵੇਂ ਕਿ ਆਸ ਕੀਤੀ ਜਾਂਦੀ ਸੀ ਪਰ ਕਿਸੇ ਵੀ ਫੈਡਰਲ ਆਗੂ ਨੇ ਮੁੱਖ ਸਟੇਜ ਉਪਰ ਜਾਕੇ ਕੋਈ ਭਾਸ਼ਨ ਨਹੀ ਕੀਤਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਰੀ ਨਗਰ ਕੀਰਤਨ ਵਿੱਚ ਹਾਜ਼ਰੀ ਨਹੀ ਭਰੀ। ਉਹ ਪਿਛਲੇ ਦਿਨੀਂ ਵੈਨਕੂਵਰ ਨਗਰ ਕੀਰਤਨ ਤੋ ਇੱਕ ਦਿਨ ਪਹਿਲਾਂ ਖਾਲਸਾ ਦੀਵਾਨ ਸੁਸਾਇਟੀ ਰੌਸ ਗੁਰੂ ਘਰ ਵਿਖੇ ਮੱਥਾ ਟੇਕਣ ਪੁੱਜੇ ਸਨ। ਸਮਝਿਆ ਜਾਂਦਾ ਹੈ ਕਿ ਇਸ ਵਾਰ ਨਗਰ ਕੀਰਤਨ ਦੀ ਪ੍ਰਬੰਧਕ ਕਮੇਟੀ ਵੱਲੋਂ ਇਹ ਸਮਾਗਮ ਖਾਲਿਸਤਾਨੀ ਸੰਘਰਸ਼ ਨੂੰ ਸਮਰਪਿਤ ਕਰਨ ਦਾ ਐਲਾਨ ਕੀਤਾ ਗਿਆ ਸੀ ਤੇ ਸ਼ਾਇਦ ਇਸੇ ਨੂੰ ਧਿਆਨ ਵਿੱਚ ਰੱਖਦਿਆਂ ਫੈਡਰਲ ਆਗੂਆਂ ਨੇ ਮੁੱਖ ਮੰਚ ਉਪਰ ਜਾਣ ਤੋ ਟਾਲਾ ਵੱਟਿਆ ਹੋ ਸਕਦਾ ਹੈ। ਕੰਜ਼ਰਵੇਟਿਵ ਆਗੂ ਪੀਅਰ ਪੋਲੀਵਰ ਵੀ ਮੁੱਖ ਮੰਚ ਉਪਰ ਨਹੀ ਪੁੱਜੇ ਤੇ ਉਹਨਾਂ ਨੇ ਵੀ ਰੇਡੀ-ਰੈਡ ਐਮ ਐਫ ਦੀ ਸਟੇਜ ਉਪਰੋਂ ਹੀ ਸੰਗਤਾਂ ਨੂੰ ਖਾਲਸਾ ਦਿਵਸ ਦੀਆਂ ਵਧਾਈਆਂ ਦਿੱਤੀਆਂ।

# ਸਿੱਕਮ ਹਾਈ ਕੋਰਟ ਵੱਲੋਂ ਗੁਰਦੁਆਰਾ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਮੁੜ ਪ੍ਰਕਾਸ਼ ਕਰਨ ਦੇ ਹੁਕਮ



ਗੰਗਟੋਕ (ਪੰਜਾਬੀ ਅਖਬਾਰ ਬਿਊਰੋ)- ਕੌਮੀ ਘੱਟ ਗਿਣਤੀ ਕਮਿਸ਼ਨ ਨੇ 2017 'ਚ ਸਿੱਕਮ 'ਚ ਗੁਰੂ ਡਾਂਗਮਾਰ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਕ ਇਤਿਹਾਸਕ ਗੁਰਦੁਆਰਾ ਸਾਹਿਬ ਬਾਰੇ ਮੀਡੀਆ ਰਿਪੋਰਟਾਂ ਦਾ ਨੋਟਿਸ ਲਿਆ। ਇਹ ਦੱਸਿਆ ਗਿਆ ਹੈ ਕਿ ਆਸਥਾ ਦੇ ਕੁਝ ਲੇਖ ਗੁਰਦੁਆਰੇ ਤੋਂ ਹਟਾ ਦਿੱਤੇ ਗਏ ਸਨ ਅਤੇ ਸੜਕ 'ਤੇ ਰੱਖ ਦਿੱਤੇ ਗਏ ਸਨ।

ਇਸ ਘਟਨਾ ਨਾਲ ਪੂਰੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਬਹਾਲੀ ਲਈ ਪ੍ਰਤੀਨਿਧੀਤੱਵ ਕਰ ਰਹੇ ਸਨ। ਸੂਬਾ ਸਰਕਾਰ ਤੋਂ ਇਕ ਰਿਪੋਰਟ ਮੰਗੀ ਗਈ ਸੀ, ਜਿਸ ਨੇ ਜਵਾਬ ਦਿੱਤਾ ਸੀ ਕਿ ਮਾਮਲਾ ਸਿੱਕਮ ਹਾਈ ਕੋਰਟ 'ਚ ਡਬਲਿਊ.ਪੀ. (ਸੀ) 49/2017 ਦੇ ਅਧੀਨ ਵਿਚਾਰ ਅਧੀਨ ਸੀ। ਇਸ ਪਟੀਸ਼ਨ ਵਿੱਚ ਗੁਰੂ ਸਿੰਘ ਸਭਾ ਦੀ ਪਟੀਸ਼ਨ ਗੁਰਦੁਆਰਾ ਗੁਰੂ ਡਾਂਗ ਮਾਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਦੀ ਬਹਾਲੀ, ਨਿਸ਼ਾਨ ਸਾਹਿਬ ਦੀ ਬਹਾਲੀ, ਗੁਰਦੁਆਰਾ ਕੰਪਲੈਕਸ ਵਿਚ ਸਾਰੇ ਅੰਦਰੂਨੀ ਫ਼ਰਨੀਚਰ ਅਤੇ ਹੋਰ ਪਵਿੱਤਰ ਵਸਤੂਆਂ ਨੂੰ 16.08.2017 ਤੋਂ ਪਹਿਲਾਂ ਵਾਲੀ ਸਥਿਤੀ 'ਚ ਵਾਪਸ ਲਿਆਉਣ ਨਾਲ ਸੀ ਅਤੇ ਰਾਜ ਸਰਕਾਰ ਅਤੇ ਸਥਾਨਕ ਅਥਾਰਟੀਆਂ ਨੂੰ ਗੁਰਦੁਆਰੇ ਦੇ ਢਾਂਚੇ ਨੂੰ ਤੋੜਨ ਲਈ ਕੋਈ ਵੀ ਕਾਰਵਾਈ ਕਰਨ ਜਾਂ ਕਰਨ ਤੋਂ ਗੁਰੇਜ਼ ਕਰਨ ਲਈ ਨਿਰਦੇਸ਼ ਦੇਣਾ ਸੀ। ਜਿਸ 'ਤੇ ਹਾਈ ਕੋਰਟ ਨੇ 13.09.2017 ਦੇ ਆਪਣੇ ਹੁਕਮਾਂ ਰਾਹੀਂ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਸਨ। ਇਸ ਦੇ ਚਲਦਿਆਂ ਸਿੱਖ ਭਾਈਚਾਰੇ ਵੱਲੋਂ ਕੌਮੀ ਘੱਟ ਗਿਣਤੀ ਕਮਿਸ਼ਨ (ਐਨ.ਸੀ.ਐਮ.), ਭਾਰਤ ਸਰਕਾਰ ਨੂੰ ਸਾਲ 2017 ਵਿਚ ਗੁਰਦੁਆਰੇ ਦੀ ਸਥਿਤੀ ਸਬੰਧੀ ਪਟੀਸ਼ਨਾਂ ਪ੍ਰਾਪਤ ਹੋਈਆਂ ਸਨ ਅਤੇ ਅਗਸਤ, 2018 ਅਤੇ ਅਕਤੂਬਰ, 2018 ਵਿਚ ਕੌਮੀ ਘੱਟ ਗਿਣਤੀ ਕਮਿਸ਼ਨ (ਐਨ.ਸੀ.ਐਮ.) ਵਿਚ ਸੁਣਵਾਈ ਹੋਈ ਸੀ ਪਰ ਇਸ ਦੇ ਬਾਵਜੂਦ ਬਹੁਤੀ ਪ੍ਰਗਤੀ ਨਹੀਂ ਹੋ ਸਕੀ ਸੀ। ਇਸ ਮਾਮਲੇ ਵਿਚ ਰਾਜ ਸਰਕਾਰ ਨੇ ਉਪਰੋਕਤ ਵੇਰਵਿਆਂ ਤੋਂ ਜਾਣੂ ਕਰਵਾਉਣ ਤੋਂ ਇਲਾਵਾ ਦੱਸਿਆ ਕਿ ਇਹ ਮਾਮਲਾ ਇਸ ਸਮੇਂ ਸਿੱਕਮ ਦੇ ਮਾਨਯੋਗ ਹਾਈ ਕੋਰਟ ਵਿਚ ਵਿਚਾਰ ਅਧੀਨ ਹੈ ਅਤੇ ਅਦਾਲਤ ਦੇ 13.09.2017 ਦੇ ਹੁਕਮਾਂ ਅਨੁਸਾਰ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖੀ ਗਈ ਹੈ। ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਲੰਬੇ ਸਮੇਂ ਤੋਂ ਲਟਕਦੇ ਸੰਵੇਦਨਸ਼ੀਲ ਮੁੱਦੇ ਦੀ ਲਗਾਤਾਰ ਪੜਤਾਲ ਕੀਤੀ ਅਤੇ 2 ਜਨਵਰੀ, 2023 ਨੂੰ ਮੁੱਖ ਮੰਤਰੀ ਸਿੱਕਮ ਨੂੰ ਪੱਤਰ ਲਿਖਿਆ। ਉਨ੍ਹਾਂ ਦੇ ਇਨ੍ਹਾਂ ਯਤਨਾਂ ਨੂੰ ਬੂਰ ਪਿਆ ਅਤੇ ਸਿੱਕਮ ਹਾਈ ਕੋਰਟ ਨੇ ਗੁਰਦੁਆਰਾ ਸਾਹਿਬ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੜ ਪ੍ਰਕਾਸ਼ ਕਰਨ ਦੇ ਹੁਕਮ ਦਿੱਤੇ। ਇਸ ਫੈਸਲੇ ਨਾਲ ਸਿੱਖਾਂ ਅੰਦਰ ਖੁਸ਼ੀ ਦੀ ਲਹਿਰ ਹੈ।

# 'ਨਫ਼ਰਤੀ ਭਾਸ਼ਣਾਂ 'ਤੇ ਬਿਨਾਂ ਸ਼ਿਕਾਇਤ ਤੋਂ ਵੀ ਦਰਜ ਕੀਤੀ ਜਾਵੇ ਐਫ਼.ਆਈ.ਆਰ.'



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)-ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਫ਼ਰਤ ਭਰੇ ਭਾਸ਼ਣਾਂ 'ਤੇ ਐਫ.ਆਈ.ਆਰ. ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਆਪਣੇ 2022 ਦੇ ਹੁਕਮ ਦਾ ਦਾਇਰਾ ਵਧਾਉਂਦੇ ਹੋਏ ਕਿਹਾ ਕਿ ਇਸ ਮਾਮਲੇ ਵਿੱਚ ਬਿਨਾਂ ਕਿਸੇ ਸ਼ਿਕਾਇਤ ਦੇ ਵੀ ਐਫ.ਆਈ.ਆਰ. ਦਰਜ ਕਰਨੀ ਪਵੇਗੀ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਚਿਤਾਵਨੀ ਦਿੱਤੀ ਕਿ ਜੇ ਇਸ ਮਾਮਲੇ ਵਿੱਚ ਕੇਸ ਦਰਜ ਕਰਨ ਵਿੱਚ ਦੇਰ ਹੁੰਦੀ ਹੈ ਤਾਂ ਇਸ ਨੂੰ ਅਦਾਲਤ ਦਾ ਅਪਮਾਨ ਮੰਨਿਆ ਜਾਵੇਗਾ। ਨਫ਼ਰਤ ਭਰੇ ਭਾਸ਼ਣਾਂ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ ਸੁਪਰੀਮ ਕੋਰਟ ਨੇ ਧਰਮ ਦੀ ਪਰਵਾਹ ਕੀਤੇ ਬਿਨਾਂ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਇਹ ਹੁਕਮ ਸਿਰਫ਼ ਯੂ.ਪੀ., ਦਿੱਲੀ ਅਤੇ ਉੱਤਰਾਖੰਡ ਸਰਕਾਰਾਂ ਨੂੰ ਦਿੱਤੇ ਸਨ ਪਰ ਹੁਣ ਇਹ ਹੁਕਮ ਸਾਰੇ ਰਾਜਾਂ ਨੂੰ ਦੇ ਦਿੱਤੇ ਗਏ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਅਜਿਹੇ ਮਾਮਲਿਆਂ 'ਚ ਕਾਰਵਾਈ ਕਰਦੇ ਸਮੇਂ ਬਿਆਨ ਦੇਣ ਵਾਲੇ ਵਿਅਕਤੀ ਦੇ ਧਰਮ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਧਰਮ ਨਿਰਪੱਖ ਦੇਸ਼ ਦੇ ਸੰਕਲਪ ਨੂੰ ਇਸ ਤਰ੍ਹਾਂ ਜਿਉਂਦਾ ਰੱਖਿਆ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਨਫ਼ਰਤ ਭਰਿਆ ਭਾਸ਼ਣ ਇੱਕ ਗੰਭੀਰ ਅਪਰਾਧ ਹੈ, ਜੋ ਦੇਸ਼ ਦੇ ਧਰਮ ਨਿਰਪੱਖ ਤਾਣੇ-ਬਾਣੇ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸੁਪਰੀਮ ਕੋਰਟ ਨੇ ਆਪਣੇ 2022 ਦੇ ਹੁਕਮ ਵਿੱਚ ਦਿੱਲੀ, ਯੂਪੀ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਨੂੰ ਇਸ ਦਾ ਖੁਦ ਨੋਟਿਸ ਲੈਂਦਿਆਂ ਨਫ਼ਰਤ ਭਰੇ ਭਾਸ਼ਣ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਦਾ ਨਿਰਦੇਸ਼ ਦਿੱਤਾ ਸੀ। ਉਦੋਂ ਅਦਾਲਤ ਨੇ ਇਨ੍ਹਾਂ ਰਾਜਾਂ ਨੂੰ ਕਿਹਾ ਸੀ ਕਿ ਅਜਿਹੇ ਮਾਮਲਿਆਂ ਵਿੱਚ ਉਨ੍ਹਾਂ ਨੂੰ ਕਿਸੇ ਦੀ ਸ਼ਿਕਾਇਤ ਦੀ ਲੋੜ ਨਹੀਂ ਹੈ। ਤੁਹਾਨੂੰ ਦੱਸ ਦੇਈਏ ਕਿ ਸੁਪਰੀਮ ਕੋਰਟ ਦਾ ਇਹ ਹੁਕਮ ਅਜਿਹੇ ਸਮੇਂ ਆਇਆ ਹੈ ਜਦੋਂ ਕਰਨਾਟਕ 'ਚ ਵਿਧਾਨ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਜ਼ੋਰਦਾਰ ਪ੍ਰਚਾਰ ਕਰ ਰਹੀਆਂ ਹਨ। ਹਾਲ ਹੀ ਵਿੱਚ, ਕਾਂਗਰਸ ਪਾਰਟੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇੱਕ ਬਿਆਨ ਨੂੰ ਲੈ ਕੇ ਬੈਂਗਲੁਰੂ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਦੂਜੇ ਪਾਸੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਜ਼ਹਿਰੀਲਾ ਸੱਪ' ਕਿਹਾ ਸੀ। ਹਾਲਾਂਕਿ, ਬਾਅਦ ਵਿੱਚ ਉਨ੍ਹਾਂ ਆਪਣੀ ਟਿੱਪਣੀ ਲਈ ਅਫਸੋਸ ਪ੍ਰਗਟ ਕੀਤਾ। ਇਸ ਤੋਂ ਬਾਅਦ ਭਾਜਪਾ ਵਿਧਾਇਕ ਨੇ ਖੜਗੇ ਦੇ ਬਿਆਨ 'ਤੇ ਚੁਟਕੀ ਲੈਂਦਿਆਂ ਸੋਨੀਆ ਗਾਂਧੀ ਨੂੰ 'ਵਿਸ਼ਕੰਨਿਆ' ਕਿਹਾ।

# 'ਭਾਰਤੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ਼ ਕੀਤਾ ਜਾਵੇਗਾ ਕੇਸ ਦਰਜ '



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਦਿੱਲੀ ਪੁਲਿਸ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੇ ਪਹਿਲਵਾਨਾਂ ਦੀ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ 'ਤੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਿਰੁੱਧ ਐਫ.ਆਈ.ਆਰ. ਦਰਜ ਕਰਨ ਦਾ ਫੈਸਲਾ ਕੀਤਾ ਹੈ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅੱਜ ਐਫ.ਆਈ.ਆਰ. ਦਰਜ ਕੀਤੀ ਜਾਵੇਗੀ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜਸਟਿਸ ਪੀ.ਐਸ. ਨਰਸਿਮ੍ਹਾ ਦਾ ਬੈਂਚ ਸੱਤ ਮਹਿਲਾ ਪਹਿਲਵਾਨਾਂ ਵੱਲੋਂ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਬਾਰੇ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ। ਬੈਂਚ ਨੇ ਦਿੱਲੀ ਪੁਲੀਸ ਕਮਿਸ਼ਨਰ ਨੂੰ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਉਣ ਵਾਲੀ ਨਾਬਲਗ ਲੜਕੀ ਨੂੰ ਖਤਰੇ ਦਾ ਮੁਲਾਂਕਣ ਕਰਨ ਅਤੇ ਉਸ ਨੂੰ ਢੁਕਵੀਂ ਸੁਰੱਖਿਆ ਪ੍ਰਦਾਨ ਕਰਨ ਦਾ ਵੀ ਨਿਰਦੇਸ਼ ਦਿੱਤਾ।

ਦਿੱਲੀ ਪੁਲਿਸ 'ਤੇ ਭਰੋਸਾ ਨਹੀਂ: ਪ੍ਰਦਰਸ਼ਨਕਾਰੀ ਪਹਿਲਵਾਨ

ਇਥੇ ਪ੍ਰਦਰਸ਼ਨਕਾਰੀ ਪਹਿਲਵਾਨਾਂ ਨੇ ਕਿਹਾ ਹੈ ਕਿ ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਿਰੁੱਧ ਐਫ.ਆਈ.ਆਰ. ਦਰਜ ਕਰਨਾ ਜਿੱਤ ਵੱਲ ਪਹਿਲਾ ਕਦਮ ਪਰ ਵਿਰੋਧ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਦਿੱਲੀ ਪੁਲੀਸ 'ਤੇ ਭਰੋਸਾ ਨਹੀਂ, ਉਹ ਕਮਜ਼ੋਰ ਐਫ.ਆਈ.ਆਰ. ਦਰਜ ਕਰ ਸਕਦੀ ਹੈ।

# ਅੱਤਵਾਦ ਦੇ ਖਾਤਮੇ ਲਈ ਰਲ ਮਿਲ ਕੇ ਚੱਲਣ ਦੀ ਲੋੜ: ਰਾਜਨਾਥ ਸਿੰਘ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਮੈਂਬਰ ਦੇਸ਼ਾਂ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਅੱਤਵਾਦ ਦੇ ਸਾਰੇ ਰੂਪਾਂ ਨੂੰ ਮਿਲਾ ਕੇ ਜੜ੍ਹੋਂ ਮਿਟਾਉਣ ਅਤੇ ਇਸ ਦਾ ਸਮਰਥਨ ਕਰਨ ਅਤੇ ਇਸ ਨੂੰ ਸ਼ਹਿ ਦੇਣ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੇ ਜਾਣ ਦੀ ਲੋੜ ਹੈ। ਰਾਜਨਾਥ ਨੇ ਸ਼ੁੱਕਰਵਾਰ ਨੂੰ ਇੱਥੇ ਐਸ.ਸੀ.ਓ. ਮੈਂਬਰ ਦੇਸ਼ਾਂ ਦੇ ਰੱਖਿਆ ਮੰਤਰੀਆਂ ਦੀ ਬੈਠਕ ਦੀ ਪ੍ਰਧਾਨਗੀ ਕਰਦੇ ਹੋਏ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਅੱਤਵਾਦ ਅਤੇ ਕਿਸੇ ਵੀ ਤਰ੍ਹਾਂ ਦੇ ਅੱਤਵਾਦ ਨੂੰ ਸਮਰਥਨ ਦੇਣਾ ਮਨੁੱਖਤਾ ਖ਼ਿਲਾਫ਼ ਵੱਡਾ ਅਪਰਾਧ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਅਤੇ ਸ਼ਾਂਤੀ ਅਤੇ ਖੁਸ਼ਹਾਲੀ ਇਕੱਠੇ ਨਹੀਂ ਰਹਿ ਸਕਦੇ। ਉਨ੍ਹਾਂ ਨੇ ਕਿਸੇ ਦੇਸ਼ ਦਾ ਨਾਂ ਲਏ ਬਿਨਾਂ ਕਿਹਾ ਕਿ ਜੇਕਰ ਕੋਈ ਦੇਸ਼ ਅੱਤਵਾਦੀਆਂ ਨੂੰ ਸਮਰਥਨ ਦਿੰਦਾ ਹੈ ਤਾਂ ਉਹ ਨਾ ਸਿਰਫ਼ ਦੂਜਿਆਂ ਲਈ ਖ਼ਤਰਾ ਪੈਦਾ ਕਰਦਾ ਹੈ ਸਗੋਂ ਆਪਣੇ ਲਈ ਵੀ ਖ਼ਤਰਾ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਕੱਟੜਪੰਥੀ ਬਣਾਉਣਾ ਸਿਰਫ਼ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਚਿੰਤਾ ਦਾ ਵਿਸ਼ਾ ਨਹੀਂ ਹੈ ਸਗੋਂ ਇਹ ਸਮਾਜ ਦੀ ਸਮਾਜਿਕ ਅਤੇ ਆਰਥਿਕ ਤਰੱਕੀ ਦੇ ਮਾਰਗ 'ਚ ਵੀ ਵੱਡੀ ਰੁਕਾਵਟ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਐਸ.ਸੀ.ਓ. ਨੂੰ ਮਜ਼ਬੂਤ ਅਤੇ ਭਰੋਸੇਯੋਗ ਅੰਤਰਰਾਸ਼ਟਰੀ ਸੰਗਠਨ ਬਣਾਉਣਾ ਚਾਹੁੰਦੇ ਹਾਂ ਤਾਂ ਸਾਡੀ ਸਭ ਤੋਂ ਪਹਿਲੀ ਪਹਿਲ ਅੱਤਵਾਦ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਦੀ ਹੋਣੀ ਚਾਹੀਦੀ ਹੈ। ਭਾਰਤ ਸੰਯੁਕਤ ਰਾਸ਼ਟਰ ਚਾਰਟਰ ਦੇ ਪ੍ਰਬੰਧਾਂ ਦੇ ਆਧਾਰ 'ਤੇ ਸ਼ਾਂਤੀ ਅਤੇ ਸੁਰੱਖਿਆ ਬਣਾਏ ਰੱਖਣ 'ਚ ਵਿਸ਼ਵਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਰੇ ਮੈਂਬਰ ਦੇਸ਼ਾਂ ਨੂੰ ਵੱਧ ਤੋਂ ਵੱਧ ਫ਼ਾਇਦੇ ਲਈ ਸਹਿਯੋਗ ਦੀਆਂ ਕੋਸ਼ਿਸ਼ਾਂ ਨੂੰ ਵਧਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਸੁਰੱਖਿਅਤ ਅਤੇ ਖੁਸ਼ਹਾਲ ਖੇਤਰ ਤੋਂ ਸਾਰੇ ਦੇਸ਼ਾਂ 'ਚ ਲੋਕਾਂ ਦਾ ਜੀਵਨ ਪੱਧਰ ਸੁਧਰੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ 'ਸਕਿਓਰ' ਵਿਜਨ ਖੇਤਰ ਦੇ ਬਹੁ ਆਯਾਮੀ ਕਲਿਆਣ ਦੇ ਪ੍ਰਤੀ ਭਾਰਤ ਦੀ ਵਚਨਬੱਧਤਾ ਪ੍ਰਗਟ ਕਰਦਾ ਹੈ। ਸ੍ਰੀ ਸਿੰਘ ਨੇ ਕਿਹਾ ਕਿ ਭਾਰਤ ਸਾਂਝੇ ਸੁਰੱਖਿਆ ਹਿੱਤਾਂ ਨੂੰ ਦੇਖਦੇ ਹੋਏ ਐਸ.ਸੀ.ਓ. ਮੈਂਬਰ ਦੇਸ਼ਾਂ ਦੀ ਰੱਖਿਆ ਸਮਰੱਥਾ ਵਧਾਉਣ ਲਈ ਵਚਬੱਧ ਹੈ।

# ਮੁਖਤਾਰ ਅੰਸਾਰੀ ਨੂੰ 10 ਸਾਲ ਦੀ ਕੈਦ ਤੇ 5 ਲੱਖ ਰੁ. ਜ਼ੁਰਮਾਨਾ

ਲਖਨਊ (ਪੰਜਾਬੀ ਅਖਬਾਰ ਬਿਊਰੋ)- ਮੁਖਤਾਰ ਅੰਸਾਰੀ ਨੂੰ ਗੈਂਗਸਟਰ ਕੇਸ ਵਿਚ ਗਾਜੀਪੁਰ ਐਮ.ਪੀ.-ਐਮ.ਐਲ.ਏ. ਕੋਰਟ ਨੇ ਦੋਸ਼ੀ ਕਰਾਰ ਦਿੱਤਾ ਹੈ। ਕੋਰਟ ਨੇ ਉਨ੍ਹਾਂ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ। ਕੋਰਟ ਨੇ ਉਨ੍ਹਾਂ 'ਤੇ 5 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਮੁਖਤਾਰ ਤੇ ਭਰਾ ਤੇ ਬਸਪਾ ਸਾਂਸਦ ਅਫਜਾਲ ਅੰਸਾਰੀ 'ਤੇ ਅਜੇ ਕੋਰਟ ਦਾ ਫੈਸਲਾ ਨਹੀਂ ਆਇਆ ਹੈ। ਯੂ.ਪੀ. ਦੇ ਬਹੁਚਰਚਿਤ ਕ੍ਰਿਸ਼ਨਾਨੰਦ ਰਾਏ ਹੱਤਿਆਕਾਂਡ ਤੇ ਵਪਾਰੀ ਨੰਦਕਿਸ਼ੋਰ ਰੰਗੂਟਾ ਅਗਵਾ ਦੇ ਬਾਅਦ ਮੁਖਤਾਰ ਤੇ ਅਫਜਾਲ 'ਤੇ ਗੈਂਗਸਟਰ ਐਕਟ ਵਿਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ 2007 ਵਿਚ ਗੈਂਗਸਟਰ ਐਕਟ ਤਹਿਤ ਅਫਜਾਲ ਅੰਸਾਰੀ, ਉਸ ਦੇ ਭਰਾ ਮਾਫ਼ੀਆ ਡੌਨ ਮੁਖਤਾਰ ਅੰਸਾਰੀ ਤੇ ਜੀ.ਜੇ. ਏਜਾਜੁਲ ਹਕ 'ਤੇ ਗੈਂਗਸਟਰ ਐਕਟ ਤਹਿਤ ਮੁਕੱਦਮਾ ਦਰਜ ਹੋਇਆ ਸੀ। ਏਜਾਜੁਲ ਹੱਕ ਦਾ ਦੇਹਾਂਤ ਹੋ ਚੁਕਾ ਹੈ। ਮਾਮਲੇ ਵਿਚ 1 ਅਪ੍ਰੈਲ ਨੂੰ ਸੁਣਵਾਈ ਪੂਰੀ ਹੋ ਗਈ ਸੀ। ਪਹਿਲਾਂ ਇਸ ਮਾਮਲੇ 'ਤੇ ਫੈਸਲਾ 15 ਅਪ੍ਰੈਲ ਨੂੰ ਆਉਣਾ ਸੀ ਪਰ ਬਾਅਦ ਵਿਚ ਤਰੀਕ ਨੂੰ ਵਧਾ ਕੇ 29 ਅਪ੍ਰੈਲ ਕਰ ਦਿੱਤਾ ਗਿਆ ਸੀ। ਗਾਜੀਪੁਰ ਵਿਚ 29 ਨਵੰਬਰ, 2005 ਨੂੰ ਮੁਹੰਮਦਾਬਾਦ ਤੋਂ ਤਤਕਾਲੀ ਭਾਜਪਾ ਵਿਧਾਇਕ ਕ੍ਰਿਸ਼ਨਾਨੰਦ ਰਾਏ ਸਣੇ ਕੁੱਲ 7 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਚੁਣਾਵੀ ਰੰਜਿਸ਼ ਕਾਰਨ ਇਸ ਕਤਲ ਨੂੰ ਅੰਜਾਮ ਦਿੱਤਾ ਗਿਆ ਸੀ। ਹੱਤਿਆਕਾਂਡ ਵਿਚ ਮੁਖਤਾਰ ਅੰਸਾਰੀ ਤੇ ਅਫਜਾਲ ਨੂੰ ਦੋਸ਼ੀ ਬਣਾਇਆ ਗਿਆ ਸੀ।


## ਐਡਮਿੰਟਨ ਵਿਖੇ ਖ਼ਾਲਸੇ ਦੇ ਸਾਜਨਾ ਦਿਵਸ

### ਵਿਸਾਖੀ ਨੂੰ ਸਮਰਪਿਤ 23ਵਾਂ ਮਹਾਨ ਨਗਰ ਕੀਰਤਨ

### 21 ਮਈ, 2023, ਐਤਵਾਰ, ਵਿਕਟੋਰੀਆ ਡੇ ਲੌਂਗ ਵੀਕਇੰਡ ਨੂੰ

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ**

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 21 ਮਈ, 2023 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਇੰਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:00 ਵਜੇ ਬਾਅਦ ਦੁਪਹਿਰ ਅਰਦਾਸ ਕਰਨ ਉਪਰੰਤ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਅਰੰਭ ਹੋਵੇਗਾ ਅਤੇ 1:30 ਵਜੇ ਪੋਲਾਰਡ ਮੈਡੋਜ਼ ਪਾਰਕ (ਟੀ ਡੀ ਬੇਕਰ ਸਕੂਲ ਦੇ ਉਤਰ ਵਿੱਚ) ਪੁਜੇਗਾ। ਇਥੇ ਪਹੁੰਚਣ ਤੇ 2 ਘੰਟੇ 30 ਮਿੰਟ ਲਈ ਸਟੇਜ ਸੱਜੇਗੀ ਜਿਸ ਵਿਚ ਰਾਗੀ ਜੱਥੇ, ਢਾਡੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਪੋਲਾਰਡ ਮੈਡੋਜ਼ ਪਾਰਕ ਤੋਂ ਨਗਰ ਕੀਰਤਨ 4:00 ਵਜੇ ਫਿਰ ਚਾਲੇ ਪਾਕੇ 5:00 ਵਜੇ ਗੁਰਦਵਾਰਾ ਮਿੱਲਵੁਡਜ਼ ਪਹੁੰਚੇਗਾ ।







ਗੁਰਦਵਾਰਾ ਮਿਲਵੁਡਜ਼, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਪੋਲਾਰਡ ਮੈਡੋਜ਼ ਪਾਰਕ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

### ਧਿਆਨ ਰੱਖਣਯੋਗ – ਜ਼ਰੂਰੀ ਗੱਲਾਂ

- ਨਗਰ ਕੀਰਤਨ ਠੀਕ 12:00 ਵਜੇ ਅਰਦਾਸ ਕਰਨ ਦੁਪਹਿਰ ਚਾਲੇ ਪਾਵੇਗਾ। ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਪਿੱਛੇ ਚਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
- ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।
- ਨਗਰ ਕੀਰਤਨ ਦੇ ਰਸਤੇ ਜਾਂ ਜਿਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖਤ ਹਦਾਇਤਾਂ ਹਨ। ਗੁਰਦੁਆਰਿਆਂ ਵਿੱਚ ਵੀ ਪਾਰਕਿੰਗ ਦੀ ਮਨਾਹੀ ਹੈ।
- ਪਾਰਕ ਐਂਡ ਰਾਈਡ: 2704-17 ਸਟਰੀਟ ਸਥਿਤ ਮੈਡੋਜ਼ ਰੀਕਰੇਸ਼ਨਲ ਸੈਂਟਰ ਦੇ ਪਿਛਲੇ ਪਾਸੇ ਉਨਾਂ ਦੇ ਲਾਟ **H** ਅਤੇ 2707 ਮਿਲਵੁਡਜ਼ ਰੋਡ ਸਥਿਤ ਜੇ ਪਰਸੀ ਪੇਜ ਸਕੂਲ ਵਿੱਚ ਕਾਰਾਂ ਪਾਰਕ ਕੀਤੀਆਂ ਜਾ ਸਕਦੀਆਂ ਹਨ, ਉਥੋਂ ਸੰਗਤਾਂ ਨੂੰ ਨਗਰ ਕੀਰਤਨ ਤੱਕ ਅਤੇ ਵਾਪਸ ਮੈਡੋਜ਼ ਰੀਕਰੇਸ਼ਨਲ ਸੈਂਟਰ ਪਾਰਕਿੰਗ ਲਾਟ ਤੱਕ ਰਾਈਡ ਦਿੱਤੀ ਜਾਵੇਗੀ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦਵਾਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਾਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋ ਜੀ।
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦਵਾਰਿਆਂ ਵਿਚ ਹੇਠਾਂ ਪਿਆ ਗਾਰਬੇਜ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ। ਰਸਤੇ ਵਿਚ ਜੋ ਸੰਗਤਾਂ ਲਈ ਚਾਹ ਪਾਣੀ ਵਰਤਾਉਂਦੀਆਂ ਹਨ ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬਚਿਆਂ ਦੀ ਸੁੱਰਖਿਆ ਦਾ ਖਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਖੁੱਦ ਜੁੰਮੇਵਾਰ ਹੋ ਅਤੇ ਉਨਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜੁੰਮੇਵਾਰੀ ਤੇ ਲੈਕੇ ਖਾਣਾ ਹੈ। ਬੱਚਿਆਂ ਦੀਆਂ ਜੇਬਾਂ ਵਿਚ ਮਾ-ਬਾਪ ਆਪਣੇ ਨਾਮ ਅਤੇ ਫੋਨ ਨੰਬਰ ਦੀ ਬੇਨਤੀ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜੁੰਮੇਵਾਰੀ ਨਹੀਂ ਹੈ।
- ਆਪਣੇ ਆਲੇ-ਦੁਆਲੇ ਦੀ ਸੁਰੱਖਿਆ ਲਈ ਸੁਚੇਤ ਰਹੋ । ਜੇ ਕੋਈ ਸ਼ੱਕੀ ਚੀਜ਼ ਦਿਸੇ, ਤਾਂ ਉਸ ਨੂੰ ਹੱਥ ਨਾਂਹ ਲਾਓ, ਸਗੋਂ ਪੁਲੀਸ ਨੂੰ ਰੀਪੋਰਟ ਕਰੋ।
- ਅਸੀਂ ਉਨਾਂ ਸਾਰੇ ਪਰਿਵਾਰਾਂ ਅਤੇ ਵਿਪਾਰੀਆਂ ਦੇ ਬਹੁਤ ਧੰਨਵਾਦੀ ਹਾਂ ਜੋ ਨਗਰ ਕੀਰਤਨ ਦੌਰਾਨ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਜੇਕਰ ਤੁਸੀ ਗੁਰਦਵਾਰਿਆਂ ਵਿਚ ਜਾਂ ਨਗਰ ਕੀਰਤਨ ਦੇ ਰਸਤੇ ਵਿੱਚ ਭੋਜਨ ਮੁਹੱਈਆ ਕਰਵਾਉਣਾ ਚਾਹੁੰਦੇ ਹੋ ਤਾਂ ਇਹ ਯਕੀਨੀ ਬਣਾਉ ਕਿ ਤੁਹਾਨੂੰ Alberta Health Services, Edmonton Fire Department ਅਤੇ ਐਡਮਿੰਟਨ ਸਿਟੀ ਦੇ ਹੋਰ ਮਹਿਕਮਿਆਂ ਦੀਆਂ ਸ਼ਰਤਾਂ ਬਾਰੇ ਪਤਾ ਹੈ।ਵਧੇਰੀ ਜਾਣਕਾਰੀ ਲੈਣ ਲਈ ਤੁਸੀ ਪਬਲਿਕ ਹੈਲਥ ਇੰਸਪੈਕਟਰ 780-934-0570 ਨਾਲ ਸੰਪਰਕ ਕਰ ਸਕਦੇ ਹੋ।
- ਭਾਵੇਂ ਕਿ ਕੋਵਿਡ 19 ਦੀ ਮਹਾਂਮਾਰੀ ਖਤਮ ਹੋ ਚੁੱਕੀ ਹੈ ਫਿਰ ਵੀ ਸੰਗਤਾਂ ਨੂੰ ਬੇਨਤੀ ਹੈ ਕਿ ਸਿਹਤ ਦਾ ਖਿਆਲ ਰੱਖਣ ਲਈ ਸਾਵਧਾਨੀ ਵਰਤਣ। ਇਹ ਵੀ ਯਾਦ ਰਖਿਆਂ ਜਾਵੇ ਕਿ ਜੇਕਰ ਕੋਈ ਪਾਬੰਦੀਆਂ ਲਗਦੀਆਂ ਹਨ ਤਾਂ ਉਨ੍ਹਾਂ ਪਾਬੰਦੀਆਂ ਦੀ ਪਾਲਣਾ ਕਰਨੀ ਪਵੇਗੀ।

ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਨਾਮ ਲਿਖਾ ਕੇ ਧੰਨਵਾਦੀ ਬਣਾਓ ਜੀ।

| ਗੁਰਦਵਾਰਾ ਮਿਲਵੁਡਜ਼ 780-450-3844 | ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 | ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ 780-462-7454 |
|---|---|---|
| ਸ. ਸੁਰਿੰਦਰ ਸਿੰਘ ਹੁੰਜਣ 780-777-3653 | ਸ. ਅਵਤਾਰ ਸਿੰਘ ਗਿੱਲ 780-991-6224 | ਸ. ਹਰਮੇਲ ਸਿੰਘ ਤੂਰ 825-343-0868 |
| ਸ. ਬਲਬੀਰ ਸਿੰਘ ਚਾਨਾ 780-951-9154 | ਸ. ਮਨਮੋਹਨ ਸਿੰਘ ਧਾਲੀਵਾਲ 780-905-1647 | ਸ. ਗੁਰਚਰਨ ਸਿੰਘ ਸੰਘਾ 780-660-9961 |

ਸ. ਕਰਨੈਲ ਸਿੰਘ ਭੰਮਰਾ
ਚੇਅਰਮੈਨ, (780) 990-6166

nagarkirtanedmonton@gmail.com
ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ

ਸ. ਗੁਰਚਰਨ ਸਿੰਘ ਸੰਘਾ
ਸਕੱਤਰ, (780) 660-9961

## ਜਨਮ ਦਿਨ ਤੇ ਵਿਸ਼ੇਸ਼ ਲੇਖ..

# ਸੁਲਤਾਨ-ਉਲ-ਕੌਮ...ਸਰਦਾਰ ਜੱਸਾ ਸਿੰਘ ਅਹਲੂਵਾਲੀਆ



**ਨਵਾਬ ਕਪੂਰ ਸਿੰਘ ਦਾ ਜਦ ਆਖਰੀ ਸਮਾਂ ਆਇਆ ਉਹ ਅੰਮ੍ਰਿਤਸਰ ਵਿਚ ਸਨ ।ਉਹਨਾਂ ਜੱਸਾ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਦਸਮ ਪਿਤਾ ਦੀ ਫੁਲਾਦੀ ਚੋਭ ਦੇ ਕੇ ਅਤੇ ਸਿੱਖ ਕੌਮ ਦੀ ਸੇਵਾ ਕਰਨ ਦਾ ਬਚਨ ਲੈ ਕੇ ਦੂਜੇ ਦਿਨ 7 ਅਪ੍ਰੈਲ 1753 ਨੂੰ ਪ੍ਰਲੋਕ ਸੁਧਾਰ ਗਏ ।ਜੱਸਾ ਸਿੰਘ ਨੇ ਨਵਾਬ ਕਪੂਰ ਸਿੰਘ ਦਾ ਸਸਕਾਰ ਬਾਬਾ ਅਟੱਲ ਰਾਏ ਜੀ ਦੇ ਗੁਰਦੁਵਾਰਾ ਸਾਹਿਬ ਕੀਤਾ। ਸਤੰਬਰ 1761 ਵਿਚ ਜੱਸਾ ਸਿੰਘ ਨੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਅਤੇ ਹੋਰ ਸਿੱਖ ਸਰਦਾਰਾਂ ਸਮੇਤ ਲਾਹੌਰ ਉੱਤੇ ਕਬਜਾ ਕੀਤਾ ।ਲਾਹੌਰ ਦੇ ਹਾਕਮ ਖੁਆਜਾ ਉਬੈਦ ਖਾਨ ਕਿਲ੍ਹੇ ਵਿਚ ਹੀ ਛੁਪ ਕੇ ਬੈਠਾ ਰਿਹਾ ।ਸਿੱਖਾਂ ਨੇ ਲਾਹੌਰ ਨੂੰ ਫਤਿਹ ਕਰ ਲਿਆ ਸੀ ।ਇਹ ਸਭ ਕੁਝ ਜੱਸਾ ਸਿੰਘ ਦੀ ਅਗਵਾਈ ਵਿਚ ਹੋਣ ਕਰਕੇ ਸਿੱਖ ਪੰਥ ਨੇ ਉਸ ਨੂੰ ਸੁਲਤਾਨ-ਉਲ-ਕੌਮ ਦੀ ਪਦਵੀ ਨਾਲ ਨਿਵਾਜਿਆ।**

ਗੁਰੂ ਘਰ ਦਾ ਸਿੱਖ ਜਿਸ ਦਾ ਨਾਮ ਸਿੱਖ ਪੰਥ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ ਜਿਸ ਨੂੰ ਸਿੱਖ ਸੁਲਤਾਨ -ਉਲ ਕੌਮ,ਦਲ ਖਾਲਸਾ ਦੇ ਮੁੱਖੀ, ਬਾਬਾ ਬੁੱਢਾ ਦਲ ਦੇ ਮੁਖੀ, ਸਿੱਖ ਫੌਜ ਦੇ ਕਮਾਂਡਰ ਸੈਨਾਪਤੀ, ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ,ਗੁਰੂ ਦੇ ਲਾਲ ਹੋਣ ਦਾ ਮਾਣ ਪ੍ਰਾਪਤ ਹੈ ਉਹ ਹੈ ਜੱਸਾ ਸਿੰਘ ਅਹਲੁਵਾਲੀਆ।

ਜੱਸਾ ਸਿੰਘ ਦੇ ਦਾਦਾ ਜੀ ਦੇਵਾ ਸਿੰਘ ਅਹਲੁਵਾਲੀਆ ਗੁਰੂ ਕਾ ਜਸ ਕਰਨ ਵਾਲੇ ਵਿਆਕਤੀ ਸਨ ।ਉਹ ਸ੍ਰੀ ਗੁਰੂ ਗੋਬਿੰਦ ਜੀ ਕੋਲ ਸੇਵਾ ਨਿਵਾ ਰਹੇ ਸਨ ।ਇਹਨਾਂ ਦੇ ਤਿੰਨ ਪੁੱਤਰ ਗੁਰਬਖਸ਼ ਸਿੰਘ,ਸਦਰ ਸਿੰਘ ਤੇ ਬਦਰ ਸਿੰਘ ਸਨ ।ਬਦਰ ਸਿੰਘ ਭਗਤੀ ਕਰਨ ਵਾਲੇ ਵਿਆਕਤੀ ਸਨ ਇਸ ਕਰਕੇ ਬਦਰ ਸਿੰਘ ਤੇ ਉਸ ਦੇ ਪਿਤਾ ਦੇਵਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੀ ਅੰਮ੍ਰਿਤ ਛਕਿਆ ਸੀ ।ਭਾਈ ਬਦਰ ਸਿੰਘ ਦਾ ਵਿਆਹ ਬਾਘ ਸਿੰਘ ਹੱਲੋਵਾਲੀਏ ਦੀ ਭੈਣ ਮਾਤਾ ਜੀਵਨ ਕੌਰ ਨਾਲ ਹੋਇਆ ਸੀ।

ਬਾਘ ਸਿੰਘ ਨਵਾਬ ਕਪੂਰ ਸਿੰਘ ਦੇ ਜੱਥੇ ਵਿਚ ਸੇਵਾ ਨਿਭਾਉਂਦੇ ਸਨ ।ਜੀਵਨ ਕੌਰ ਧਾਰਮਿਕ ਤੌਰ ਉੱਤੇ ਉੱਚੇ ਵਿਚਾਰਾਂ ਵਾਲੀ ਅਤੇ ਰੋਜਾਨਾਂ ਕੀਰਤਨ ਕਰਨ ਵਾਲੀ ਸੀ ਵਿਆਹ ਬਾਅਦ ਲੰਮੇ ਸਮੇਂ ਤੱਕ ਇੰਨ੍ਹਾਂ ਦੇ ਘਰ ਕੋਈ ਔਲਾਦ ਨਾ ਹੋਈ।

ਬਦਰ ਸਿੰਘ ਤੇ ਜੀਵਨ ਕੌਰ ਦੋਹਾਂ ਨੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ।ਗੁਰੂ ਸਾਹਿਬ ਨੇ ਕਿਹਾ ਵਾਹਿਗੁਰੂ ਅਕਾਲ ਪੁਰਖ ਦਾ ਸਿਮਰਨ ਕਰਿਆ ਕਰੋ ਸਾਧ ਸੰਗਤ ਦੀ ਸੇਵਾ ਕਰੋ ਤੁਹਾਡੇ ਘਰ ਗੁਰੂ ਕਾ ਲਾਲ ਹੋਵੇਗਾ ।ਗੁਰੂ ਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਨਾਲ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਦਸ ਸਾਲ ਬਾਅਦ ਜੱਸਾ ਸਿੰਘ ਅਹਲੁਵਾਲੀਏ ਦਾ ਜਨਮ 3 ਮਈ 1718 ਨੂੰ ਪਿਤਾ ਭਾਈ ਬਦਰ ਸਿੰਘ ਤੇ ਮਾਤਾ ਜੀਵਨ ਕੌਰ ਦੀ ਕੁਖੋਂ ਪਿੰਡ ਅਹਲੂ(ਲਾਹੌਰ)ਵਿਖੇ ਹੋਇਆ।

ਜਦੋਂ ਜੱਸਾ ਸਿੰਘ ਦੀ ਉਮਰ ਪੰਜ ਸਾਲ ਦੀ ਸੀ ਤਾਂ 1723 ਵਿਚ ਇੰਨ੍ਹਾਂ ਦੇ ਪਿਤਾ ਬਦਰ ਸਿੰਘ ਦਾ ਦੇਹਾਂਤ ਹੋ ਗਿਆ ਉਸ ਸਮੇਂ ਮਾਤਾ ਸੁੰਦਰੀ ਜੀ ਦਿੱਲੀ ਵਿਖੇ ਰਹਿ ਰਹੇ ਸਨ। 1723 ਵਿਚ ਬੀਬੀ ਜੀਵਨ ਕੌਰ ਜੱਸਾ ਸਿੰਘ ਨੂੰ ਨਾਲ ਲੈ ਕੇ ਮਾਤਾ ਜੀ ਦੇ ਦਰਸ਼ਨਾਂ ਨੂੰ ਚੱਲ ਪਏ ।ਬੀਬੀ ਜੀਵਨ ਕੌਰ ਨੇ ਮਾਤਾ ਸੁੰਦਰੀ ਜੀ ਦੀ ਬਹੁਤ ਸੇਵਾ ਕੀਤੀ ।ਮਾਤਾ ਜੀ ਨੂੰ ਕੀਰਤਨ ਤੇ ਗੁਰਬਾਣੀ ਪੜ੍ਹ ਕੇ ਸਣਾਉਣ ਲਗ ਪਏ ।ਮਾਤਾ ਜੀ ਨੇ ਇੰਨ੍ਹਾਂ ਤੋ ਖੁਸ਼ ਹੋ ਕੇ ਪਿਆਰ ਨਾਲ ਜੱਸਾ ਸਿੰਘ ਨੂੰ ਆਪਣੇ ਕੋਲ ਰੱਖ ਲਿਆ।

ਜੱਸਾ ਸਿੰਘ ਦੇ ਮਾਮਾ ਭਾਈ ਬਾਘ ਸਿੰਘ ਦੇ ਘਰ ਕੋਈ ਔਲਾਦ ਨਹੀਂ ਸੀ ਉਹ ਜੱਸਾ ਸਿੰਘ ਨੂੰ ਬਹੁਤ ਪਿਆਰ ਕਰਦਾ ਸੀ ।ਬਾਘ ਸਿੰਘ ਮਾਤਾ ਸੁੰਦਰੀ ਜੀ ਨੂੰ ਜੋਰ ਪਾ ਕੇ ਪੰਜ ਸਾਲ ਬਾਅਦ ਜੱਸਾ ਸਿੰਘ ਨੂੰ ਵਾਪਸ ਆਪਣੇ ਕੋਲ ਜਲੰਧਰ ਲੈ ਆਇਆ ਜਦੋਂ ਜੱਸਾ ਸਿੰਘ ਦਿੱਲੀ ਤੋਂ ਵਾਪਸ ਮੁੜਨ ਲੱਗਿਆ ਤਾਂ ਮਾਤਾ ਸੁੰਦਰੀ ਜੀ ਨੇ ਉਸ ਨੂੰ ਇਕ ਬਹੁਮੁੱਲੀ ਪੁਸ਼ਾਕ ਪਹਿਨਾਈ ਤੇ ਕਿਹਾ ਇਹ ਪੰਥ ਖਾਲਸੇ ਦਾ ਮਾਣ ਤਾਣ ਹੋਵੇਗਾ ਇਕ ਚਾਂਦੀ ਦਾ ਆਸਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਦਾ ਗੁਰਜ ਬਖਸ਼ਿਆ।

ਮਾਤਾ ਸੁੰਦਰੀ ਜੀ ਨੇ ਇਕ ਹੁਕਮਨਾਵਾਂ ਨਵਾਬ ਕਪੂਰ ਸਿੰਘ ਦੇ ਨਾਮ ਲਿਖ ਕੇ ਇੰਨ੍ਹਾਂ ਦੇ ਹੱਥ ਦੇ ਦਿੱਤਾ ।ਉਸ ਸਮੇਂ ਨਵਾਬ ਕਪੂਰ ਸਿੰਘ ਜੀ ਜਲੰਧਰ ਨੇੜੇ ਕਰਤਾਰਪੁਰ ਦੇ ਜੰਗਲਾਂ ਵਿਚ ਛਾਉਣੀ ਬਣਾ ਕੇ ਰਹਿ ਰਹੇ ਸਨ। ਮਾਤਾ ਸੁੰਦਰੀ ਜੀ ਦਾ ਬਖਸ਼ਿਆ ਹੋਇਆ ਤੀਰ ਅਤੇ ਹੁਕਮਨਾਵਾਂ ਇਸ ਪਰਿਵਾਰ ਨੇ ਨਵਾਬ ਕਪੂਰ ਸਿੰਘ ਨੂੰ ਭੇਟ ਕਰ ਦਿੱਤਾ ਉਸ ਹੁਕਮਨਾਵੇਂ ਵਿਚ ਲਿਖਿਆ ਸੀ, " ਇਹ ਬੱਚਾ ਗੁਰੂ ਘਰ ਦਾ ਨਿਵਾਜਿ?ਆ ਹੋਇਆ ਹੈ ।ਇਸ ਨੂੰ ਆਪਣੇ ਹੱਥੀ ਅੰਮ੍ਰਿਤਪਾਨ ਕਰਵਾਉਣਾ ਗੁਰੂ ਬਾਣੀ ਨਾਲ ਜੋੜਨਾ ਤੇ ਸ਼ਸ਼ਤਰ ਵਿੱਦਿਆ ਵਿਚ ਨਪੁੰਨ ਕਰਨਾ ।" ਜੱਸਾ ਸਿੰਘ ਅਹਲੂਵਾਲੀਏ ਨੂੰ ਨਵਾਬ ਕਪੂਰ ਸਿੰਘ ਨੇ ਆਪਣੇ ਹੱਥੀ ਅੰਮ੍ਰਿਤ ਛਕਾਇਆ।

ਸਭ ਤੋਂ ਪਹਿਲਾਂ ਇੰਨ੍ਹਾਂ ਨੂੰ ਕੀਰਤਨ ਦੀ ਸੇਵਾ ਮਿਲੀ ਇਹ ਰਾਗਾਂ ਵਿਚ ਰਸ ਭਿੰਨਾਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ਼ ਕਰਦੇ ਸਨ ।ਜੱਸਾ ਸਿੰਘ ਛੇਤੀ ਹੀ ਸ਼ਸ਼ਤਰ ਵਿਦਿਆ ਅਤੇ ਘੋੜ ਸਵਾਰੀ ਵਿਚ ਨਿਪੁੰਨ ਹੋ ਗਏ ਤੇ ਉਹ ਦਿਨਾਂ ਵਿਚ ਹੀ ਲੰਮੇ ਕਦ ਵਾਲੇ ਭਰਵੇਂ ਸਰੀਰ ਵਾਲੇ ਬਣ ਗਏ ਸਨ ।ਇੰਨਾਂ ਦੇ ਨੈਣ ਨਕਸ਼ ਸੋਹਣੇ ਤਿੱਖੇ ਸਨ ਅੱਖਾਂ ਚਮਕਦਾਰ ਹਰ ਇਕ ਨੂੰ ਪ੍ਰਭਾਵਿਤ ਕਰ ਦੀਆਂ ਸਨ।

ਜੱਸਾ ਸਿੰਘ ਨੇ ਸੰਗਤਾਂ ਨੂੰ ਪੱਖਾ ਝੱਲਣ ਅਤੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਵੀ ਲੈ ਲਈ ਸੀ ।ਬਹੁਤੇ ਗੁਣਾ ਦੇ ਧਾਰਨੀ ਹੋਣ ਕਰਕੇ ਨਵਾਬ ਕਪੂਰ ਸਿੰਘ ਜੱਸਾ ਸਿੰਘ ਨੂੰ ਬਹੁਤ ਪਿਆਰ ਕਰਨ ਲਗ ਪਏ ਸਨ ।ਜੱਸਾ ਸਿੰਘ ਦੇ ਮਾਮਾ ਬਾਘ ਸਿੰਘ ਦਾ ਨਵਾਬ ਕਪੂਰ ਸਿੰਘ ਦੇ ਜੱਥੇ ਵਿਚ ਨਾਮ ਸੀ ।ਨਵਾਬ ਕਪੂਰ ਸਿੰਘ ਨੇ ਬਾਘ ਸਿੰਘ ਨੂੰ ਕਹਿ ਕੇ ਜੱਸਾ ਸਿੰਘ ਨੂੰ ਆਪਣੇ ਕੋਲ ਰੱਖ ਲਿਆ ਸੀ ।ਇਸ ਤੋਂ ਬਾਅਦ ਜੱਸਾ ਸਿੰਘ ਨੇ ਜੱਥੇ ਦੀਆਂ ਹੋਰ ਜਿੰਮੇਵਾਰੀਆਂ ਚੁਕਣੀਆਂ ਸ਼ੁਰੂ ਕਰ ਦਿੱਤੀਆਂ ਸਨ ।ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਜੱਥੇ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸੰਭਾਲ ਦਿੱਤੀਆਂ ਸਨ ।ਜੱਸਾ ਸਿੰਘ ਜੱਥੇ ਵਿਚ ਸਭ ਤੋਂ ਹਰਮਨ ਪਿਆਰਾ ਬਣ ਗਿਆ ਸੀ।

ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ 1748 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਤੇ ਇਕੱਠ ਹੋਇਆ ।ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨਾਲ ਰਾਇ ਮਸ਼ਵਰਾ ਕਰਕੇ ਹੋਂਦ ਵਿਚ ਆ ਚੁਕੇ 65 ਜੱਥਿਆਂ ਨੂੰ ਇਕੱਠਾ ਕਰਕੇ ਮਿਸਲਾਂ ਵਿਚ ਵੰਡ ਦਿੱਤਾ ।ਇਹਨਾਂ ਮਿਸਲਾਂ ਦੇ ਸਾਂਝੇ ਦਲ ਨੂੰ ਦਲ ਖਾਲਸਾ ਕਿਹਾ ਜਾਂਦਾ ਸੀ ।ਇਸ ਦਲ ਖਾਲਸਾ ਦਾ ਪ੍ਰਧਾਨ ਜੱਸਾ ਸਿੰਘ ਅਹਲੂਵਾਲੀਆ ਨੂੰ ਥਾਪ ਦਿੱਤਾ ਗਿਆ ।ਬਾਰਵੀਂ ਮਿਸਲ ਫੂਲਕੀਆਂ ਇਹਨਾਂ ਮਿਸਲਾਂ ਤੋਂ ਵੱਖਰੀ ਸੀ ।ਇਸ ਮਿਸਲ ਦੇ ਬਾਨੀ ਬਾਬਾ ਆਲਾ ਸਿੰਘ ਪਟਿਆਲਾ ਸਨ ।ਇਹਨਾਂ ਮਿਸਲਾਂ ਨੂੰ ਵੱਖ ਵੱਖ ਇਲਾਕੇ ਵੰਡ ਦਿੱਤੇ ਗਏ ।ਇਹਨਾਂ ਨੂੰ ਇਹ ਵੀ ਕਿਹਾ ਗਿਆ ਸੀ ਕਿ ਲੋੜ ਪੈਣ ਤੇ ਇਹ ਮਿਸਲਾਂ ਇਕੱਠੀਆਂ ਹੋ ਕੇ ਦਲ ਖਾਲਸਾ ਥੱਲੇ ਕੰਮ ਕਰਨਗੀਆ।

ਨਵਾਬ ਕਪੂਰ ਸਿੰਘ ਦਾ ਜਦ ਆਖਰੀ ਸਮਾਂ ਆਇਆ ਉਹ ਅੰਮ੍ਰਿਤਸਰ ਵਿਚ ਸਨ ।ਉਹਨਾਂ ਜੱਸਾ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਦਸਮ ਪਿਤਾ ਦੀ ਫੁਲਾਦੀ ਚੋਭ ਦੇ ਕੇ ਅਤੇ ਸਿੱਖ ਕੌਮ ਦੀ ਸੇਵਾ ਕਰਨ ਦਾ ਬਚਨ ਲੈ ਕੇ ਦੂਜੇ ਦਿਨ 7 ਅਪ੍ਰੈਲ 1753 ਨੂੰ ਪ੍ਰਲੋਕ ਸੁਧਾਰ ਗਏ ।ਜੱਸਾ ਸਿੰਘ ਨੇ ਨਵਾਬ ਕਪੂਰ ਸਿੰਘ ਦਾ ਸਸਕਾਰ ਬਾਬਾ ਅਟੱਲ ਰਾਏ ਜੀ ਦੇ ਗੁਰਦੁਵਾਰਾ ਸਾਹਿਬ ਕੀਤਾ।

ਸਤੰਬਰ 1761 ਵਿਚ ਜੱਸਾ ਸਿੰਘ ਨੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਅਤੇ ਹੋਰ ਸਿੱਖ ਸਰਦਾਰਾਂ ਸਮੇਤ ਲਾਹੌਰ ਉੱਤੇ ਕਬਜਾ ਕੀਤਾ ।ਲਾਹੌਰ ਦੇ ਹਾਕਮ ਖੁਆਜਾ ਉਬੈਦ ਖਾਨ ਕਿਲ੍ਹੇ ਵਿਚ ਹੀ ਛੁਪ ਕੇ ਬੈਠਾ ਰਿਹਾ ।ਸਿੱਖਾਂ ਨੇ ਲਾਹੌਰ ਨੂੰ ਫਤਿਹ ਕਰ ਲਿਆ ਸੀ ।ਇਹ ਸਭ ਕੁਝ ਜੱਸਾ ਸਿੰਘ ਦੀ ਅਗਵਾਈ ਵਿਚ ਹੋਣ ਕਰਕੇ ਸਿੱਖ ਪੰਥ ਨੇ ਉਸ ਨੂੰ ਸੁਲਤਾਨ-ਉਲ-ਕੌਮ ਦੀ ਪਦਵੀ ਨਾਲ ਨਿਵਾਜਿਆ।

1761 ਨੂੰ ਪਾਣੀਪਤ ਦੀ ਲੜ੍ਹਾਈ ਵਿਚ ਅਹਿਮਦ ਸ਼ਾਹ ਅਬਦਾਲੀ ਜਦ ਵਾਪਸ ਮੁੜ ਰਿਹਾ ਸੀ ਤਾਂ ਉਹ ਹਿੰਦੂਆਂ ਦੀਆਂ 2200 ਲੜਕੀਆਂ ਨੂੰ ਕੈਦ ਕਰਕੇ ਨਾਲ ਲਿਜਾ ਰਿਹਾ ਸੀ ।ਹਿੰਦੂ ਮੁਖੀਆਂ ਨੇ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਜਾ ਕੇ ਸਿੱਖਾਂ ਪਾਸ ਬੇਨਤੀ ਕੀਤੀ। ਜੱਸਾ ਸਿੰਘ ਨੇ ਸਿੱਖਾਂ ਨੂੰ ਨਾਲ ਲੈ



ਕੇ ਗੋਬਿੰਦਵਾਲ ਪੱਤਣ ਤੇ ਅਬਦਾਲੀ ਦੀਆਂ ਫੌਜਾਂ ਉੱਤੇ ਹਮਲਾ ਕਰਕੇ ਅਬਦਾਲੀ ਦੀਆਂ ਫੌਜਾਂ ਦੇ ਹੋਸ਼ ਸੰਭਾਲਣ ਤੋਂ ਪਹਿਲਾਂ ਔਰਤਾਂ ਨੂੰ ਛੁਡਾ ਕੇ ਘਰ ਘਰ ਪਹੁੰਚਾ ਦਿੱਤਾ।

5 ਫਰਵਰੀ 1762 ਨੂੰ ਵਾਪਰੇ ਵੱਡੇ ਘੱਲੂਘਾਰੇ ਵਿਚ ਅਬਦਾਲੀ ਨੇ ਬੱਚੇ ਅਤੇ ਔਰਤਾਂ ਸਣੇ ਤੀਹ ਹਜਾਰ ਸਿੰਘ ਸ਼ਹੀਦ ਕੀਤੇ ।ਇਸ ਘੱਲੂਘਾਰੇ ਵਿਚ ਜੱਸਾ ਸਿੰਘ ਨੇ ਮੂਹਰੇ ਹੋ ਕੇ ਸਿੱਖ ਕੌਮ ਦੀ ਅਗਵਾਈ ਕੀਤੀ ।ਉਸ ਸਮੇਂ ਇਸ ਦੇ ਸਰੀਰ ਉੱਪਰ 22 ਫੱਟ ਲੱਗੇ ਸਨ ਤੇ ਚੜ੍ਹਤ ਸਿੰਘ ਦੇ ਸਰੀਰ ਉੱਪਰ 16 ਫੱਟ ਸਨ।

ਪਹਿਲਾਂ 14 ਮਈ 1710 ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਦਿੱਲੀ ਫਤਿਹ ਕੀਤੀ ।ਫਿਰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਹੱਥ ਸਰਹੰਦ ਫਿਰ ਆ ਗਈ ।14 ਜਨਵਰੀ 1764 ਨੂੰ ਜੱਸਾ ਸਿੰਘ ਅਹਲੁਵਾਲੀਏ ਨੇ ਵੱਡੇ ਘਲੂਘਾਰੇ ਦੇ ਜਿੰਮੇਵਾਰ ਸਰਹੰਦ ਦੇ ਵਜੀਰ ਜੈਨ ਖਾਂ ਨੂੰ ਮਾਰ ਕੇ ਸਰਹੰਦ ਫਤਿਹ ਕੀਤੀ ਸੀ ।ਅੱਜ ਵੀ ਸਰਹੰਦ ਨੂੰ ਗੁਰੂ ਮਾਰੀ ਕਹਿੰਦੇ ਹਨ ।ਜੱਸਾ ਸਿੰਘ ਨੇ ਸਰਹੰਦ ਦਾ ਨਾਮ ਸਹਿਬਜਾਦੇ ਦੇ ਨਾਮ ਤੇ ਫਤਿਹਗੜ੍ਹ ਸਾਹਿਬ ਰੱਖ ਦਿੱਤਾ ਸੀ ।ਇੱਥੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਜੱਸਾ ਸਿੰਘ ਨੇ ਸ਼ੁਰੂ ਕਰਵਾਈ ਸੀ ।ਵੱਡੇ ਘੱਲੂਘਾਰੇ ਦੇ ਜਿੰਮੇਵਾਰ ਮਲੇਰਕੋਟਲਾ ਦੇ ਨਵਾਬ ਭੀਖਨ ਖਾਂ ਨੂੰ ਜੱਸਾ ਸਿੰਘ ਅਹਲੂਵਾਲੀਏ ਨੇ ਹਰਾ ਕੇ ਮੌਤ ਦੇ ਘਾਟ ਉਤਾਰਿਆ ਸੀ ।ਇਸ ਤਰਾਂ 1777 ਨੂੰ ਜੱਸਾ ਸਿੰਘ ਨੇ ਰਾਏ ਇਬਰਾਹਿਮ ਭੱਟੀ ਨੂੰ ਹਰਾ ਕੇ ਕਪੂਰਥਲਾ ਉੱਪਰ ਕਬਜਾ ਕਰਕੇ ਇਸ ਨੂੰ ਰਾਜਧਾਨੀ ਬਣਾ ਲਿਆ ਸੀ।

1783 ਈ: ਵਿਚ ਜੱਸਾ ਸਿੰਘ ਅਹਲੁਵਾਲੀਆ ,ਜੱਸਾ ਸਿੰਘ ਰਾਮਗੜੀਆ ਅਤੇ ਸਰਦਾਰ ਬਘੇਲ ਸਿੰਘ ਤਿੰਨ ਜਰਨੈਲਾਂ ਦੀ ਅਗਵਾਈ ਵਿਚ ਸਿੱਖ ਫੌਜਾਂ ਨੇ ਦਿੱਲੀ ਫਤਿਹ ਕਰਨ ਲਈ ਦਿੱਲੀ ਵੱਲ ਚਾਲੇ ਪਾਏ ।ਜੱਸਾ ਸਿੰਘ ਅਹਲੁਵਾਲੀਆ ਅਤੇ ਬਘੇਲ ਸਿੰਘ ਕੋਲ ਪੰਜਾਹ ਹਜਾਰ ਸਿੱਖ ਫੌਜ ਸੀ ।ਦਿੱਲੀ ਦੇ ਨੇੜੇ ਜਾ ਕੇ ਇਹਨਾਂ ਫੌਜ ਨੂੰ ਦੋ ਹਿੱਸੀਆਂ ਵਿਚ ਵੰਡਿਆ ਸੀ ।ਸਰਦਾਰ ਬਘੇਲ ਸਿੰਘ ਦੀ ਤੀਹ ਹਜਾਰ ਫੌਜ ਜਿੱਥੇ ਛਾਉਣੀ ਬਣਾ ਕੇ ਬੈਠੀ ਸੀ ਅੱਜ ਕੱਲ ਉਸ ਜਗ੍ਹਾ ਨੂੰ ਤੀਸ ਹਜਾਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਉੱਥੇ ਦਿੱਲੀ ਹਾਈਕੋਰਟ ਸਥਿਤ ਹੈ ।ਜੱਸਾ ਸਿੰਘ ਰਾਮਗੜੀਆ ਵੀ ਆਪਣੀ ਦੱਸ ਹਜਾਰ ਫੌਜ ਲੈ ਕੇ ਪਹੁੰਚਿਆ ਸੀ ।ਸਿੱਖ ਫੌਜਾਂ ਦਿੱਲੀ ਦੀ ਇਕ ਪਾਸੇ ਤੋਂ ਕੰਧ ਪਾੜ ਕੇ ਦਿੱਲੀ ਵਿਚ ਦਾਖਲ ਹੋ ਗਈਆਂ ਸਨ ਉਸ ਨੂੰ ਅੱਜ ਕੱਲ ਮੋਰੀ ਗੇਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 11 ਮਾਰਚ 1783 ਨੂੰ ਜੱਸਾ ਸਿੰਘ ਅਹਲੁਵਾਲੀਆ,ਸਰਦਾਰ ਬਘੇਲ ਸਿੰਘ ਅਤੇ ਜੱਸਾ ਸਿੰਘ ਰਾਮਗੜੀਆ ਦੀ ਅਗਵਾਈ ਵਿਚ ਸਿੱਖ ਫੌਜਾਂ ਨੇ ਦਿੱਲੀ ਫਤਿਹ ਕਰ ਲਈ ਸੀ ਅਤੇ ਲਾਲ ਕਿਲ੍ਹੇ ਉਪਰ ਸਰਦਾਰ ਬਘੇਲ ਸਿੰਘ ਨੇ ਕੇਸਰੀ ਨਿਸ਼ਾਨ ਝੁਲਾ ਦਿੱਤਾ ਸੀ ।ਇਹ ਜਿੱਤ ਦੀ ਖੁਸ਼ੀ ਵਿਚ ਜਿੱਥੇ ਸਿੱਖਾਂ ਨੇ ਖੜ੍ਹ ਕੇ ਮਠਿਆਈ ਵੰਡੀ ਸੀ ਉਸ ਜਗ੍ਹਾ ਨੂੰ ਪੁੱਲ ਮਠਿਆਈ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦਿੱਲੀ ਫਤਿਹ ਕਰਨ ਤੋਂ ਬਾਅਦ ਜੱਸਾ ਸਿੰਘ ਅਹਲੂਵਾਲੀਏ ਨੇ ਸਰਦਾਰ ਬਘੇਲ ਸਿੰਘ ਨੂੰ ਦਿੱਲੀ ਦੇ ਗੁਰਦੁਵਾਰਿਆਂ ਦੀ ਸੇਵਾ ਲਈ ਛੱਡ ਦਿੱਤਾ ਸੀ ।ਬਘੇਲ ਸਿੰਘ ਨੇ ਦਿੱਲੀ ਵਿਚ ਗੁਰੂ ਸਾਹਿਬਾਨ ਦੀਆਂ ਚਰਨ ਛੋਹ ਪ੍ਰਾਪਤ ਥਾਵਾਂ ਤੇ ਗੁਰਦੁਵਾਰਿਆਂ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਸੀ ।1748 ਤੋਂ 1769 ਤੱਕ ਅਹਿਮਦ ਸ਼ਾਹ ਅਬਦਾਲੀ ਨੇ 9 ਹਮਲੇ ਕੀਤੇ ਜਦ ਲੁਟ ਕੇ ਵਾਪਿਸ ਅਫਗਾਨਿਸਤਾਨ ਜਾ ਰਿਹਾ ਹੁੰਦਾ ਸੀ ਤਾਂ ਹਰ ਵਾਰੀ ਸਿੱਖ ਫੌਜ ਲੁਟਿਆ ਹੋਇਆ ਮਾਲ ਵਾਪਸ ਕਰਵਾ ਲੈਂਦੀ ।ਜੱਸਾ ਸਿੰਘ ਇਹਨਾਂ ਨੂੰ ਗੋਬਿੰਦਵਾਲ ਦੇ ਏਰੀਏ ਵਿਚ ਘੇਰ ਲੈਂਦਾ ਕੁਝ ਸਿੱਖ ਇਹਨਾਂ ਨੂੰ ਦਰਿਆ ਝਨਾਵ ਉੱਤੇ ਘੇਰ ਲੈਂਦੇ ਅਤੇ ਕੁਝ ਰਾਵੀ ਉੱਤੇ ਘੇਰ ਲੈਂਦੇ ਇਸ ਤਰਾਂ ਸਿੱਖਾਂ ਦੇ ਹੌਂਸਲੇ ਬਹਾਦਰਾਂ ਵਾਲੇ ਬਣਦੇ ਗਏ।

ਇਕ ਵਾਰ ਹਮਲਾ ਕਰਨ ਆਏ ਅਹਿਮਦ ਸ਼ਾਹ ਅਬਦਾਲੀ ਨਾਲ ਉਸ ਦਾ ਕਾਜੀ ਨੂਰਦੀਨ ਆ ਗਿਆ ਉਸ ਨੇ ਜੰਗ ਤੋਂ ਬਾਅਦ ਜੰਗਨਾਵੇ ਵਿਚ ਸਿੰਘਾਂ ਦਾ ਹਾਲ ਇਸ ਤਰਾਂ ਲਿਖਿਆ, " ਸਿੱਖ ਇਕ ਬਹਾਦਰ ਕੌਮ ਹੈ ਜੰਗ ਦੇ ਮੈਦਾਨ ਵਿਚ ਜੇਕਰ ਇਹਨਾਂ ਦੇ ਮੂਹਰੇ ਕੋਈ ਹਥਿਆਰ ਸੁਟ ਕੇ ਭੱਜ ਜਾਵੇ ਤਾਂ ਇਹ ਪਿੱਠ ਉੱਤੇ ਵਾਰ ਨਹੀਂ ਕਰਦੇ ।ਇਹ ਸ਼ੇਰ ਦੀ ਤਰਾਂ ਬਹਾਦਰ ਹਨ ਇਹਨਾਂ ਦਾ ਕਿਰਦਾਰ ਬਹੁਤ ਉੱਚਾ ਸੁੱਚਾ ਹੈ ।ਜੱਸਾ ਸਿੰਘ ਅਹਲੁਵਾਲੀਆ ਲੜਾਈ ਦੇ ਮੈਦਾਨ ਵਿਚ ਇਕ ਪਹਾੜ ਵਾਂਗ ਖਲੋ ਕੇ ਦੁਸ਼ਮਣਾ ਨਾਲ ਲੜਦਾ ਹੈ।"

20 ਅਕਤੂਬਰ 1783 ਨੂੰ ਅਠਾਰਵੀ ਸਦੀ ਦੇ ਜਰਨੈਲ ਜੱਸਾ ਸਿੰਘ ਅਹਲੁਵਾਲੀਏ ਨੇ ਆਪਣੀਆਂ ਜਿੰਮੇਵਾਰੀਆਂ ਸਰਦਾਰ ਭਾਗ ਸਿੰਘ ਨੂੰ ਸੌਂਪ ਕੇ ਅੰਮ੍ਰਿਤਸਰ ਵਿਚ ਅਕਾਲ ਚਲਾਣਾ ਕਰ ਗਏ ।ਜੱਸਾ ਸਿੰਘ ਅਹਲੁਵਾਲੀਏ ਦਾ ਸਸਕਾਰ ਬਾਬਾ ਅਟੱਲ ਰਾਏ ਜੀ ਦੇ ਗੁਰਦੁਵਾਰੇ ਕੀਤਾ ਗਿਆ।

**ਸੁਖਵਿੰਦਰ ਸਿੰਘ ਮੁੱਲਾਂਪੁਰ**
**ਵ.ਅੱਪ +91 9914184794**

## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਹੀਦ ਹੋਏ ਪੰਜ ਫੌਜੀ ਜਵਾਨਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ

(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 24 ਅਪ੍ਰੈਲ ਨੂੰ ਹਾਰਵੈਸਟ ਹਿੱਲਜ਼ ਅਲਾਇੰਸ ਚਰਚ ਦੇ ਹਾਲ ਵਿੱਚ ਹੋਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵਿਸਾਖੀ ਅਤੇ ਈਦ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਸਭ ਨੂੰ ਮਿਲਟਰੀ ਮਿਊਜ਼ੀਅਮ ਵਿੱਚ ਮਨਾਏ ਸਿੱਖ ਵਿਰਾਸਤੀ ਸਮਾਗਮ ਵਿੱਚ ਭਰਵੀਂ ਸ਼ਮੂਲੀਅਤ ਲਈ ਵਧਾਈ ਦਿੱਤੀ। ਜੂਨ ਮਹੀਨੇ ਹੋਣ ਵਾਲੀ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਮੀਟਿੰਗ ਅਤੇ ਤਿਆਰੀ ਸੰਬੰਧੀ ਕਾਰਜਾਂ ਦੀ ਜਾਣਕਾਰੀ ਸਾਂਝੀ ਕੀਤੀ। ਜੰਮੂੰ ਕਸ਼ਮੀਰ ਵਿੱਚ। ਅਪ੍ਰੈਲ ਮਹੀਨੇ ਵਿਚਲੇ ਜਨਮ ਦਿਨ ਵਾਲੇ ਇਨ੍ਹਾਂ ਮੈਂਬਰਾਂ ਜਯੋਤੀ ਬੀਰ, ਕਰਮਜੀਤ ਕੌਰ ਦਿਆਲ, ਮਨਜੀਤ ਕੌਰ ਖਹਿਰਾ, ਸੁਖਵਿੰਦਰ ਕੌਰ (ਸੁੱਖੀ ਕੁੰਡੂ), ਮਨਜੀਤ ਕੌਰ ਪਰਹਾਰ, ਗੁਰਮੀਤ ਕੌਰ ਪਰਮਾਰ, ਰਵਿੰਦਰ ਕੌਰ ਸਿੱਧੂ, ਲਖਵਿੰਦਰ ਸਿੰਘ ਜੌਹਲ, ਸੁਰੇਸ਼ ਖੰਨਾ, ਜਸਵੀਰ ਸਿੰਘ ਸਿਹੋਤਾ ਅਤੇ ਸੁਰਿੰਦਰਜੀਤ ਸਿੰਘ ਪਲਾਹਾ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਦਿੱਤੀਆਂ ਗਈਆਂ । ਸੈਂਟਰ ਫਾਰ ਨਿਊਕਮਰ ਤੋਂ ਆਏ ਆਯੋਤੁੰਡੇ ਕਯੋਡੇ ਅਤੇ ਲਿਜ਼ੀਆ ਮੋਜ਼ੀਚੁਕ ਨੇ ਭਲਾਈ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ। ਉਨ੍ਹਾਂ ਨੇ ਆਪਣੀ ਜਾਣਕਾਰੀ ਮੁਤਾਬਕ ਐਸੋਸੀਏਸ਼ਨ ਦੀ ਤਕੜੀ ਮੈਂਬਰਸ਼ਿਪ ਅਤੇ ਇਸ ਦੀਆਂ ਉਸਾਰੂ ਸਰਗਰਮੀਆਂ ਦੀ ਸਰਾਹਨਾ ਕੀਤੀ। ਸੁਰਿੰਦਰਜੀਤ ਪਲਾਹਾ ਨੇ ਉਨ੍ਹਾਂ ਦੀ ਸ਼ਿਰਕਤ ਲਈ ਧੰਨਵਾਦ ਕੀਤਾ, ਸੈਂਟਰ ਦੁਆਰਾ ਚਲਾਏ ਜਾ ਰਹੇ ਪ੍ਰੋਗਰਾਮਾਂ ਨੂੰ ਸਲਾਹਿਆ ਅਤੇ ਲੱਗਦੇ ਹੱਥ ਸਾਲ ਕੁ ਪਹਿਲਾਂ ਹਿਜਰਤ ਕਰ ਕੇ ਆਈ ਉਸ ਯੂਕਰੇਨੀ ਮੁਟਿਆਰ, ਲਿਜ਼ੀਆ ਨੂੰ ਸੰਬੋਧਿਤ ਹੋ ਕੇ ਐਸੋਸੀਏਸ਼ਨ ਵੱਲੋਂ ਯੂਕਰੇਨ ਦੇ ਲੋਕਾਂ ਦੀ ਸਲਾਮਤੀ ਲਈ ਕਾਮਨਾ ਅਤੇ ਦੁਆ ਕੀਤੀ। ਇੰਦਰਜੀਤ ਸਿੰਘ ਵਧਵਾ ਨੇ ਪੰਥਕ ਸੂਰਬੀਰਾਂ ਅਤੇ ਸ਼ਹੀਦਾਂ ਬਾਰੇ ਲੰਮੀ ਕਵਿਤਾ ਪੇਸ਼ ਕਰ ਕੇ ਚੰਗਾ ਅਸਰ ਛੱਡਿਆ। ਸੁਰਿੰਦਰ ਢਿੱਲੋਂ ਨੇ- ਅਭੀ ਤੋ ਮੈਂ ਜਵਾਨ ਹੂੰ- ਗੀਤ ਦਾ ਪਿਛੋਕੜ ਦੱਸ ਕੇ ਅਤੇ ਤਰੱਨਮ ਵਿਚ ਗਾਕੇ ਚੰਗੀ ਗਾਇਕੀ ਦਾ ਸਬੂਤ ਦਿੱਤਾ। ਦਰਸ਼ਨ ਸਿੰਘ ਧਾਲ਼ੀਵਾਲ ਨੇ ਖਾਲਸਾ ਪੰਥ ਦੀ ਸਾਜਨਾ ਦੇ ਪਿਛੋਕੜ ਬਾਰੇ ਕਈ ਅਧਿਕਾਰਤ ਪੁਸਤਕਾਂ ਦੇ ਹਵਾਲੇ ਨਾਲ ਖੁਲਾਸਾ ਕੀਤਾ। ਵਿਨੋਦ ਕੁਮਾਰੀ ਦਾ ਗੀਤ - ਕਹੀਂ ਨਜ਼ਰ ਨ ਲਗੇ ਤੁਮਕੋ ਚਾਂਦ ਤਾਰੋਂ ਕੀ - ਸੁਣ ਕੇ ਤਮੰਨਾ ਸੀ ਕਿ ਇਸ ਸੁਰੀਲੀ ਆਵਾਜ਼ ਨੂੰ ਕਦੇ ਵੀ ਨਜ਼ਰ ਨਾ ਲੱਗੇ। ਪਰਬੇਸ਼ ਪਰਿਹਾਰ ਨੇ ਚੁਟਕਲੇ ਰਾਹੀਂ ਗਹਿਰਾ ਧਾਰਮਿਕ ਤੇ ਸਿਆਸੀ ਵਿਅੰਗ ਕਸਿਆ। ਭਜਨ ਸਿੰਘ ਸੱਗੂ ਨੇ ਵਿਅੰਗ ਚੁਟਕਲੇ ਸਮੇਤ ਇੱਕ ਕਵਿਤਾ ਸੁਣਾਈ। ਸਰਦਾਰ ਤਾਰਿਕ ਮਲਿਕ ਨੇ ਫ਼ਾਨੀ ਬਦਾਯੂਨੀ ਦਾ ਕਮਾਲ ਦਾ ਸ਼ੇਅਰ ਹਾਜ਼ਰ ਕੀਤਾ -
ਸੁਨੇ ਜਾਤੇ ਨ ਥੇ ਤੁਮ ਸੇ ਮੇਰੇ ਦਿਨ ਰਾਤ ਕੇ ਸ਼ਿਕਵੇ, ਕਫਨ ਸਰਕਾਓ ਔਰ ਮੇਰੀ ਬੇ-ਜ਼ਬਾਨੀ ਦੇਖਤੇ ਜਾਓ।
ਜਰਨੈਲ ਤੱਗੜ ਨੇ ਤਾਜ਼ਾ ਪੰਜਾਬ ਫੇਰੀ ਦੇ ਅਨੁਭਵ ਸਾਂਝੇ ਕਰ ਕੇ ਹਾਲਾਤ ਤੇ ਚਿੰਤਾ ਪ੍ਰਗਟਾਈ। ਜਲਵੰਤ ਸਿੰਘ ਗਰੇਵਾਲ ਨੇ ਸ਼ੇਅਰ ਅਤੇ ਸਰਦਾਰੀ ਲਾਲ ਮੱਟੂ ਨੇ ਗੀਤ ਪੇਸ਼ ਕੀਤਾ। ਬਲਵਿੰਦਰ ਕਾਹਲੋਂ ਨੇ ਡਰੱਗ ਚੇਤਨਾ ਮਾਰਚ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਜਗਦੇਵ ਸਿੱਧੂ ਨੇ ਨੇਟਿਵ ਚੀਫ਼ ਕਲਾਰੈਂਸ ਲਈ ਦੇ ਸ਼ਾਨਦਾਰ ਕੰਮਾਂ ਦਾ ਸੰਖੇਪ ਬਿ?ਰਾ ਦਿੱਤਾ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਚਲਾਉਂਦਿਆਂ ਕਾਵਿ-ਟੋਟਕੇ ਅਤੇ ਚੁਸਤ ਟਿੱਪਣੀਆਂ ਨਾਲ ਮਾਹੌਲ ਸੁਖਾਵਾਂ ਬਣਾਈ ਰੱਖਿਆ।

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।


83 Martindale Blvd NE Calgary, AB T3J 3M7
P: 403-453-9000 / C:403-477-5142

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP

Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.


ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਜਦੋਂ ਮੈਂ ਬਲਵੰਤ ਗਾਰਗੀ ਦੇ 'ਡਰਾਮੇ' ਤੋਂ ਬਚਿਆ!



ਪ੍ਰਿੰ. ਸਰਵਣ ਸਿੰਘ

20ਵੀਂ ਬਰਸੀ ਤੇ ਬਲਵੰਤ ਗਾਰਗੀ ਮੈਨੂੰ ਫਿਰ ਯਾਦ ਆ ਗਿਐ। ਨਾਲ ਹੀ ਯਾਦ ਆ ਗਿਆ ਮੇਰੇ ਨਾਲ ਖੇਡਿਆ ਮਜ਼ਾਕੀਆ ਡਰਾਮਾ। ਉਹ ਖ਼ਸਤਾ ਕਰਾਰੀ ਤੇ ਵੇਗਮੱਤੀ ਕਾਮਕ ਲੇਖਣੀ ਦਾ ਦਿਲਚਸਪ ਲੇਖਕ ਸੀ। ਉਸ ਨੇ ਆਪਣੇ ਬਾਰੇ ਲਿਖਿਆ, ਮੈਂ ਗਾਰਗੀ ਨੂੰ ਬਹੁਤ ਨੇੜਿਓਂ ਜਾਣਦਾ ਹਾਂ। ਉਸ ਦੀਆਂ ਲਿਖਤਾਂ, ਉਸ ਦੇ ਝੂਠੇ ਵਾਇਦਿਆਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਖੁਰਦਬੀਨ ਨਾਲ ਤੱਕਿਆ ਹੈ। ਉਹ ਬਹੁਤ ਸਾਰੇ ਭੁਲੇਖਿਆਂ ਦਾ ਮਰਕਜ਼ ਹੈ। ਉਸ ਦੇ ਨਾਂ ਨੂੰ ਹੀ ਲਓ, ਗਾਰਗੀ! ਕਿਤਨਾ ਬੋਗਸ ਨਾਂ ਹੈ! ਕਿਸੇ ਕੁੜੀ ਦੀ ਨਕਲ ਜਾਪਦਾ ਹੈ... ਸਾਹਿਤ ਵੱਲ ਤਾਂ ਉਹ ਐਵੇਂ ਹੀ ਆ ਗਿਆ, ਜਿਵੇਂ ਕੋਈ ਆਦਮੀ ਦੂਜੇ ਥਾਂ ਵਿਆਹਿਆ ਜਾਵੇ। ਉਹਦਾ ਹਲਫੀਆ ਬਿਆਨ ਸੀ, ਸੰਗੀਤ ਨੂੰ ਮੈਂ ਸਭ ਤੋਂ ਵਧੇਰੇ ਪਿਆਰ ਕੀਤਾ ਹੈ। ਸੰਗੀਤ ਮੇਰਾ ਮਹਿਬੂਬ ਸੀ, ਸਾਹਿਤ ਮੇਰੀ ਰਖੇਲ ਹੈ।

ਗਾਰਗੀ ਵਧੀਆ ਨਾਟਕਕਾਰ ਹੋਣ ਨਾਲ ਪੂਰਾ ਡਰਾਮੇਬਾਜ਼ ਵੀ ਸੀ। ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਣ ਦਿੰਦਾ, ਨਾਟਕ ਕਰ ਰਿਹੈ ਜਾਂ ਡਰਾਮਾ? 1966 ਵਿਚ ਜਦੋਂ ਮੈਂ ਦਿੱਲੀ ਲੈਕਚਰਾਰ ਸਾਂ ਤਾਂ ਉਸ ਨੇ ਮੈਨੂੰ ਆਪਣੀ ਅਮਰੀਕਨ ਸਾਲੀ ਦਾ ਰਿਸ਼ਤਾ ਕਰਾਉਣ ਦੀ ਸੁਲ੍ਹਾ ਮਾਰੀ ਸੀ। ਇਕ ਦਿਨ ਮੈਂ ਗਾਰਗੀ ਨੂੰ ਮਿਲਣ ਗਿਆ ਤਾਂ ਉਹਦੀ ਨਵਵਿਆਹੀ ਪਤਨੀ ਜੀਨੀ ਉਦਾਸ ਦਿਸੀ। ਗਾਰਗੀ ਨੇ ਦੱਸਿਆ ਇਹ ਪੇਕਿਆਂ ਨੂੰ ਓਦਰੀ ਐ। ਫਿਰ ਪਤਾ ਨਹੀਂ ਸੱਚੀਂ, ਪਤਾ ਨਹੀਂ ਝੂਠੀਂ, ਉਹ ਕਹਿਣ ਲੱਗਾ, ਆਖੇਂ ਤਾਂ ਤੈਨੂੰ ਸਾਲੀ ਦਾ ਸਾਕ ਲਿਆ ਦਿੰਨਾਂ। ਇਹ ਦੋ ਭੈਣਾਂ ਨੇ, ਭਰਾ ਕੋਈ ਨਹੀਂ। ਸਾਲੀ ਦਾ ਨਾਂ ਐਂ ਐਲਿਜ਼ਾਬੈੱਥ। ਇਹਨਾਂ ਦੀ ਮਾਂ ਆਰਟਿਸਟ ਐ ਤੇ ਪਿਉ ਬੈਂਕ ਮੈਨੇਜਰ। ਤੂੰ ਹਾਂ ਕਰ। ਏਥੇ ਦੋਹਾਂ ਭੈਣਾਂ ਦਾ ਜੀਅ ਲੱਗਿਆ ਰਹੂ।

ਜੀਨੀ ਦਾ ਜੀਅ ਲੁਆਉਣ ਲਈ ਉਹਦੀ ਭੈਣ ਦੇ ਸਾਕ ਦਾ ਸ਼ੋਸ਼ਾ ਮੈਨੂੰ ਮਜ਼ਾਕ ਲੱਗਾ। ਮੈਂ ਸਮਝ ਗਿਆ ਗਾਰਗੀ ਹੋਰਨਾਂ ਵਾਂਗ ਮੇਰਾ ਵੀ ਡਰਾਮਾ ਬਣਾ ਰਿਹੈ! ਮੈਂ ਉਹਦਾ ਸਾਂਢੂ ਬਣਨੋਂ ਤਾਂ ਬਚ ਗਿਆ ਪਰ ਉਹਦੀ ਖ਼ਸਤਾ ਕਰਾਰੀ ਵਾਰਤਕ ਸ਼ੈਲੀ ਤੋਂ ਨਾ ਬਚ ਸਕਿਆ। ਉਹ ਮੈਨੂੰ ਪੱਟ ਗਈ। 'ਨਿੰਮ ਦੇ ਪੱਤੇ' ਤੇ 'ਸੁਰਮੇ ਵਾਲੀ ਅੱਖ' ਤੋਂ ਲੈ ਕੇ ਫਿਰ ਉਹਦੀ ਜਿਹੜੀ ਵੀ ਕਿਤਾਬ ਛਪੀ ਪੜ੍ਹਨੀ ਪਈ।

ਗਾਰਗੀ ਦਾ ਪੈਦਾਇਸ਼ੀ ਨਾਂ ਬਲਵੰਤ ਰਾਏ ਗਰਗ ਸੀ ਤੇ ਉਹਦੀ ਪਤਨੀ ਦਾ ਨਾਂ ਜੀਨੀ ਅਲੈਗਜ਼ੈਂਡਰ ਹੈਨਰੀ ਸੀ। ਬਲਵੰਤ ਦਾ ਜਨਮ 4 ਦਸੰਬਰ 1916 ਨੂੰ ਬਠਿੰਡੇ ਦੇ ਬਾਣੀਏ ਪਰਿਵਾਰ ਵਿਚ ਪਿੰਡ ਸ਼ਹਿਣੇ ਦੀ ਨਹਿਰੀ ਕੋਠੀ ਚ ਹੋਇਆ ਸੀ। ਜੀਨੀ ਉਸ ਤੋਂ 21 ਸਾਲ ਬਾਅਦ ਸਿਆਟਲ ਦੇ ਨੌਕਰੀ ਪੇਸ਼ਾ ਮਾਪਿਆਂ ਦੇ ਘਰ ਜੰਮੀ ਸੀ। ਜਿਵੇਂ ਇੰਦਰ ਬਾਣੀਏ ਤੇ ਬੇਗੋ ਨਾਰ ਦਾ ਮੇਲ ਲਾਹੌਰ ਵਿਚ ਹੋਇਆ ਉਵੇਂ ਬਲਵੰਤ ਬਾਣੀਏ ਤੇ ਜੀਨੀ ਨਾਰ ਦਾ ਮੇਲ ਸਿਆਟਲ ਵਿਚ ਹੋਇਆ। ਇੰਦਰ ਤੇ ਬੇਗੋ ਇਸ਼ਕ ਦੇ ਪੱਟੇ ਰਾਵੀ ਵਿਚ ਛਾਲਾਂ ਮਾਰ ਗਏ ਤੇ ਆਸ਼ਕਾਂ ਮਸ਼ੂਕਾਂ ਚ ਨਾਂ ਲਿਖਾ ਕੇ ਅਮਰ ਹੋ ਗਏ। ਕਿੱਸਾਕਾਰਾਂ ਨੇ ਬੇਗੋ ਨਾਰ ਤੇ ਇੰਦਰ ਬਾਣੀਏ ਦੇ ਕਿੱਸੇ ਲਿਖੇ। ਬਲਵੰਤ ਤੇ ਜੀਨੀ ਇਸ਼ਕ ਚ ਪੱਟੇ ਤਾਂ ਗਏ ਪਰ ਅਮਰ ਨਾ ਹੋ ਸਕੇ। ਜੀਨੀ ਨਾਰ ਤੇ ਬਲਵੰਤ ਬਾਣੀਏ ਦਾ ਕਿੱਸਾ 'ਨੰਗੀ ਧੁੱਪ' ਗਾਰਗੀ ਨੂੰ ਆਪ ਲਿਖਣਾ ਪਿਆ। ਉਸ ਨੇ ਲਿਖਿਆ, ਜਦੋਂ ਮੈਂ ਜੀਨੀ ਨੂੰ ਸਿਆਟਲ ਵਿਚ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿਚ ਡੁੱਬੀਆਂ ਹੋਈਆਂ ਸਨ। ਤਿੰਨੇ ਵਫ਼ਾਦਾਰ, ਤਿੰਨੇ ਵੇਗ-ਮੱਤੀਆਂ, ਤਿੰਨੇ ਕੌਲ-ਕਰਾਰ ਦੀਆਂ ਪੂਰੀਆਂ। ਮੈਂ ਪਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ? ਕਿਸ ਨੂੰ ਲਾਰਾ ਲਾਵਾਂ? ਕਿਸ ਨੂੰ ਧੋਖਾ ਦੇਵਾਂ?

ਗਾਰਗੀ ਨੇ 'ਨੰਗੀ ਧੁੱਪ' ਦੇ ਮੁੱਖ ਬੰਦ ਵਿਚ ਲਿਖਿਆ, ਆਪਣੇ ਬਾਰੇ ਇਹ ਲਿਖਣਾ ਕਿ ਮੈਂ ਕਿੰਨਾ ਚੰਗਾ ਹਾਂ, ਚੰਗੀ ਕਲਾ ਦਾ ਸੂਚਕ ਨਹੀਂ... ਮੈਂ ਆਪਣੇ ਆਪ ਬਾਰੇ ਲਿਖ ਰਿਹਾ ਹਾਂ- ਮਨ ਦੀਆਂ ਤਪਦੀਆਂ ਛਾਵਾਂ, ਸੁਚੇਤ ਤੇ ਅਚੇਤ ਦੀ ਟੱਕਰ, ਦੋਸਤਾਂ ਤੇ ਮਹਿਬੂਬ ਤੀਵੀਆਂ ਦੇ ਜਜ਼ਬੇ ਸਿੰਮੇ ਚਿਤਰ, ਪਿਆਰ ਤੜਪਾਂ ਤੇ ਨਫ਼ਰਤ ਦੀਆਂ ਚਿਣਗਾਂ... ਨੰਗੀ ਧੁੱਪ ਮੇਰੇ ਆਪਣੇ ਜੀਵਨ ਉਤੇ ਆਧਾਰਿਤ ਹੈ। ਜਦੋਂ ਕੋਈ ਲੇਖਕ ਆਪਣੇ ਇੱਮੇਜ ਨੂੰ ਲਿਸ਼ਕਾਉਣ ਦਾ ਫਿਕਰ ਕਰਨ ਲੱਗ ਪਵੇ ਤਾਂ ਉਹ ਉਸੇ ਥਾਂ ਖੜ੍ਹਾ ਰਹਿ ਜਾਂਦਾ ਹੈ... ਮੇਰਾ ਕੋਈ ਇੱਮੇਜ ਨਹੀਂ। ਜੋ ਹੈ ਮੈਂ ਉਸ ਨੂੰ ਹਮੇਸ਼ਾ ਤੋੜਦਾ ਰਿਹਾ ਹਾਂ ਤੇ ਇਸ ਤਰ੍ਹਾਂ ਨਵਾਂ ਇੱਮੇਜ ਬਣਦਾ ਰਿਹਾ ਹੈ... ਮੇਰੇ ਪਾਤਰ ਨੰਗੇ ਹਨ, ਆਦਮ ਤੇ ਹਵਾ ਵਾਂਗ। ਇਹੋ ਉਨ੍ਹਾਂ ਦੀ ਖ਼ੂਬਸੂਰਤੀ ਹੈ ਤੇ ਇਹੋ ਉਨ੍ਹਾਂ ਦਾ ਦੋਸ਼। ਮੈਂ ਜਿਸ ਤੀਵੀਂ ਨੂੰ ਪਿਆਰ ਕੀਤਾ ਉਸ ਦੇ ਹੁਸਨ ਨੂੰ ਤੇ ਨੰਗੇਜ ਨੂੰ ਚਿਤਰਿਆ ਹੈ... ਸੱਚ ਖ਼ੁਦ ਨੰਗਾ ਹੈ। ਮੈਂ ਨੰਗੇ ਸੱਚ ਦਾ ਪੁਜਾਰੀ ਹਾਂ। ਨੰਗੀ ਮੂਰਤੀ ਨੂੰ ਮੱਥਾ ਟੇਕਦਾ ਹਾਂ। ਮਨੁੱਖ ਖ਼ੁਦ ਵੀ ਇਕੱਲਾ ਤੇ ਨੰਗਾ ਹੈ। ਆਪਣੇ ਸਰੀਰ ਦੀ ਚਮੜੀ ਨਾਲੋਂ ਕੋਈ ਹੋਰ ਚੀਜ਼ ਵਧੇਰੇ ਨਿੱਘ ਨਹੀਂ ਦੇਂਦੀ। ਮੈਂ ਪਾਤਰਾਂ ਦੇ ਅਸਲੀ ਨਾਂ, ਅਸਲੀ ਥਾਵਾਂ, ਅਸਲੀ ਸ਼ਹਿਰ ਤੇ ਅਸਲੀ ਘਟਨਾਵਾਂ ਵਰਤੀਆਂ ਹਨ, ਪਰ ਕਿਤੇ ਕਿਤੇ ਕਾਲਪਨਿਕ ਨਾਂ ਤੇ ਬਦਲੇ ਹੋਏ ਚਿਹਰੇ ਵੀ ਹਨ। ਮੇਰਾ ਮਨੋਰਥ ਤੁਹਾਨੂੰ ਸਿਰਫ਼ ਤੱਥ ਦੱਸਣਾ ਨਹੀਂ ਸਗੋਂ ਸੱਚ ਦੱਸਣਾ ਹੈ... ਡੂੰਘੀਆਂ ਤੇ ਲੁਕੀਆਂ ਹਕੀਕਤਾਂ, ਵਾਸ਼ਨਾ ਦਾ ਟੂਣਾ, ਲਹੂ ਵਿਚ ਮੱਚਦੀਆਂ ਖ਼ਾਹਿਸ਼ਾਂ ਤੇ ਰਚਨਾ ਦੇ ਆਪ-ਹੁਦਰੇ ਅਮਲ।

ਮੇਰੀ ਜਾਚੇ ਚੁੰਮਣ ਤੇ ਆਲਿੰਗਣ ਅਤੇ ਪ੍ਰਕਿਰਤੀ ਦੇ ਰੰਗ ਗਾਰਗੀ ਦੀ ਲਿਖਣ ਸ਼ੈਲੀ ਦੇ ਸਿ?ਗਾਰ ਹਨ। ਪਹਿਲੀਆਂ ਲਿਖਤਾਂ ਚ ਘੱਟ ਸਨ, ਮਗਰਲੀਆਂ ਚ ਵੱਧ। ਪਹਿਲੀਆਂ ਲਿਖਤਾਂ ਉਤੇ ਪੇਂਡੂ ਪ੍ਰਭਾਵ ਵੱਧ ਸੀ ਜਦ ਕਿ ਪਿਛਲੀਆਂ ਉਤੇ ਪੱਛਮੀ ਤੇ ਸ਼ਹਿਰੀ ਪ੍ਰਭਾਵ ਵਧਦਾ ਗਿਆ। 1944 ਵਿਚ ਲਿਖਿਆ ਪਹਿਲਾ ਨਾਵਲ 'ਕੱਕਾ ਰੇਤਾ' ਉਸ ਨੇ ਇਨ੍ਹਾਂ ਸ਼ਬਦਾਂ ਨਾਲ ਆਪਣੀ ਮਾਂ ਨੂੰ ਭੇਟ ਕੀਤਾ ਸੀ, ਮੇਰੀ ਮਾਂ ਨੂੰ, ਜਿਸ ਦੀਆਂ ਗਾਲ੍ਹਾਂ ਵੀ ਘਿਓ ਦੀਆਂ ਨਾਲਾਂ ਸਨ।

ਆਪਣੇ ਨਾਟਕਾਂ ਦੀ ਭੂਮਿਕਾ ਬੰਨ੍ਹਦਿਆਂ ਉਸ ਨੇ ਲਿਖਿਆ, 1944 ਵਿਚ ਇਕ ਕੁੜੀ ਨੇ ਮੈਨੂੰ ਆਖਿਆ: ਤੂੰ ਮੈਨੂੰ ਪਿਆਰ ਕਰਦਾ ਹੈਂ, ਪਰ ਇਸ ਦਾ ਕੋਈ ਫ਼ਾਇਦਾ ਨਹੀਂ। ਮੈਥੋਂ ਤੈਨੂੰ ਕੁਝ ਨਹੀਂ ਮਿਲਣਾ। ਮੈਂ ਉਸ ਨੂੰ ਆਖਿਆ: ਪਿਆਰ ਵਿਚ ਕੋਈ ਇਵਜ਼ਾਨਾ ਜਾਂ ਇਨਾਮ ਨਹੀਂ ਹੁੰਦਾ। ਜਦੋਂ ਕੋਈ ਬਰਫ਼ ਦੇ ਪਹਾੜ ਦੀ ਟੀਸੀ ਉਤੇ ਪੁੱਜਣ ਦਾ ਜਤਨ ਕਰਦਾ ਹੈ ਤਾਂ ਉਥੇ ਕੁਝ ਨਹੀਂ ਹੁੰਦਾ। ਅਕਸਰ ਆਦਮੀ ਆਪਣੀ ਜਾਨ ਵੀ ਗੁਆ ਦੇਂਦਾ ਹੈ। ਪਰ ਇਸ ਵਿਚ ਇਕ ਅਜੀਬ ਆਨੰਦ ਹੈ ਤੇ ਮਜਬੂਰੀ। ਉਸ ਨੇ ਗੱਲ ਨੂੰ ਹੱਸ ਕੇ ਟਾਲ ਦਿੱਤਾ ਤੇ ਕਿਸੇ ਹੋਰ ਨਾਲ ਵਿਆਹ ਕਰ ਲਿਆ। ਉਸ ਪਿੱਛੋਂ ਮੈਂ ਲਾਹੌਰ ਛੱਡ ਕੇ ਚਲਾ ਗਿਆ ਤੇ ਕੁੱਲੂ ਦੀ ਵਾਦੀ ਵਿਚ ਕਈ ਦਿਨ ਚੀਲ੍ਹਾਂ ਦੇ ਜੰਗਲਾਂ ਵਿਚ ਘੁੰਮਦਾ ਰਿਹਾ...। ਇਸ ਮਨੋਦਸ਼ਾ ਵਿਚ ਘੁੰਮਦਿਆਂ ਉਸ ਨੇ 'ਕੁਆਰੀ ਟੀਸੀ' ਨਾਟਕ ਲਿਖਿਆ ਜੋ ਲਾਹੌਰ ਤੇ ਦਿੱਲੀ ਰੇਡੀਓ ਤੋਂ ਅਨੇਕਾਂ ਵਾਰ ਖੇਡਿਆ ਗਿਆ। 'ਕੁਆਰੀ ਟੀਸੀ' ਇਕ ਅਣਛੋਹੀ ਕੁਆਰੀ ਕੁੜੀ ਦਾ ਪ੍ਰਤੀਕ ਹੈ ਜਿਸ ਨੂੰ ਕੋਈ ਛੋਹ ਨਹੀਂ ਸਕਦਾ। ਜੋ ਕੋਈ ਉਸ ਨੂੰ ਚੁੰਮੇਗਾ ਉਹ ਨਾਸ਼ ਹੋ ਜਾਵੇਗਾ। 1944 ਵਿਚ ਲਿਖੇ ਨਾਟਕ 'ਕੁਆਰੀ ਟੀਸੀ' ਦੀ ਚੰਦੀ 1954 ਵਿਚ ਲਿਖੇ ਨਾਟਕ 'ਕਣਕ ਦੀ ਬੱਲੀ' ਵਿਚ ਭਰਪੂਰ ਜਜ਼ਬੇ ਵਾਲੀ ਤਾਰੋ ਬਣ ਗਈ।

ਬਲਵੰਤ ਗਾਰਗੀ ਹਰ ਗੱਲ ਨਾਟਕੀ ਅੰਦਾਜ਼ ਵਿਚ ਕਰਦਾ ਸੀ। ਇਸ਼ਕ ਵੀ ਤੇ ਤੋੜ ਵਿਛੋੜਾ ਵੀ। ਲੇਖਣੀ ਨੂੰ ਸੈਕਸੀ ਮਸਾਲਾ ਵੀ ਲਾਉਂਦਾ ਸੀ। ਉਸ ਨੇ ਅਜੀਤ ਕੌਰ ਦੇ ਸ਼ਬਦ ਚਿੱਤਰ ਦਾ ਨਾਂ 'ਕਾੜ੍ਹਨੀ' ਰੱਖਿਆ ਜਿਸ ਵਿਚ ਉਹਦੇ ਮੂੰਹੋਂ ਡਾਇਲਾਗ ਬੁਲਾਇਆ, ਤੀਵੀਂ ਖਾਲੀ ਘਰ ਵਾਂਗ ਹੈ। ਹਰ ਕੋਈ ਉਸ ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਕਿਸੇ ਆਦਮੀ ਨੂੰ ਚੰਗਾ ਸਮਝ ਕੇ ਜੇ ਤੀਵੀਂ ਉਸ ਨਾਲ ਸੌਂ ਜਾਵੇ ਤਾਂ ਉਹ ਝੱਟ ਉਸ ਨੂੰ ਕੋਈ ਜਾਇਦਾਦ ਸਮਝਣ ਲੱਗ ਪੈਂਦਾ ਹੈ। ਮੁਸੀਬਤ! ਚੰਗੇ ਆਦਮੀ ਨਾਲ ਸਿਰਫ਼ ਜਿਸਮਾਨੀ ਰਿਸ਼ਤਾ ਹੀ ਕਾਫੀ ਨਹੀਂ, ਉਸ ਨੂੰ ਕਲਪਨਾ ਤੇ ਸਮਝ ਦੀ ਵੀ ਲੋੜ ਹੈ। ਆਦਮੀ ਨਿਰਾ ਜਾਨਵਰ ਹੈ, ਉਸ ਨੂੰ ਮਨ ਦੀ ਲੋੜ ਨਹੀਂ। ਔਰਤ ਨੂੰ ਮਨ ਦੀ ਵਧੇਰੇ ਲੋੜ ਹੈ।

'ਕੌਡੀਆਂ ਵਾਲਾ ਸੱਪ' ਵਿਚ ਸਿ?ਵ ਕੁਮਾਰ ਦੇ ਮੂੰਹੋਂ ਅਖਵਾਇਆ, ਇਹ ਸਾਲੀਆਂ ਤੀਵੀਆਂ ਹਮੇਸ਼ਾਂ ਰੋਂਦੀਆਂ ਰਹਿੰਦੀਆਂ ਨੇ ਕਿ ਫਲਾਂ ਮਰਦ ਨੇ ਮੇਰੀ ਅਸਮਤ ਲੁੱਟ ਲਈ। ਤੁਸੀਂ ਆਪਣੇ ਹੁਸਨ ਨੂੰ ਬੈਂਕ ਦੇ ਲਾਕਰ ਵਿਚ ਰੱਖ ਦਿਉ। ਮੈਂ ਬੈਂਕ ਵਿਚ ਕੰਮ ਕਰਦਾ ਹਾਂ। ਬੜੇ ਲਾਕਰ ਨੇ ਉਥੇ। ਨੋਟਾਂ ਦੇ ਥੱਬੇ। ਸੋਨੇ ਦੇ ਗਹਿਣੇ। ਹੀਰੇ। ਪਰ ਕੋਈ ਅਜਿਹਾ ਲਾਕਰ ਨਹੀਂ ਜਿਥੇ ਤੀਵੀਂ ਆਪਣੇ ਹੁਸਨ ਜਾਂ ਜਵਾਨੀ ਨੂੰ ਰੱਖ ਕੇ ਕੁੰਜੀ ਜੇਬ ਵਿਚ ਪਾ ਲਵੇ? ਇਹ ਸਾਲੇ ਹੁਸਨ ਨੇ ਤਾਂ ਤਬਾਹ ਹੋਣਾ ਹੀ ਹੈ... ਤੇ ਤਬਾਹੀ ਕਿਸ ਗੱਲ ਦੀ? ਪਿਆਰ ਨਾਲ ਹੁਸਨ ਚਮਕਦਾ ਹੈ। ਜਵਾਨੀ ਮੱਚਦੀ ਹੈ। ਅਸਮਤ ਦਾ ਪਾਖੰਡ ਤਾਂ ਕੋਝੀਆਂ ਤੀਵੀਆਂ ਨੇ ਰਚਿਆ ਹੈ। ਇਨਸਾਨੀ ਜਿਸਮ ਨੂੰ ਕੋਈ ਚੀਜ਼ ਮੈਲ਼ਾ ਨਹੀਂ ਕਰ ਸਕਦੀ। ਹਮੇਸ਼ਾਂ ਨਿਖਰਿਆ ਤੇ ਸੱਜਰਾ ਰਹਿੰਦਾ ਹੈ ਹੁਸਨ।

ਖ਼ੁਸ਼ਵੰਤ ਸਿੰਘ ਬਾਰੇ ਲਿਖਿਆ: ਜਦੋਂ ਮਿਲੋ ਉਹ ਗੱਪ-ਸ਼ੱਪ ਲਈ ਤਿਆਰ ਹੈ। ਉਸ ਨੂੰ ਲੋਕਾਂ ਦੇ ਲੁਕੇ ਰਾਜ਼, ਕਮੀਨਗੀ, ਦਰਿਆਦਿਲੀ ਤੇ ਬੇਵਕੂਫ਼ੀ ਬਾਰੇ ਬੇਸ਼ੁਮਾਰ ਕਿੱਸੇ ਯਾਦ ਹਨ। ਉਹ ਤੀਵੀਆਂ ਨਾਲ ਭੋਗ ਵਿਲਾਸ ਕਰਨ, ਉਹਨਾਂ ਦੇ ਠੰਢੇ ਤੇ ਗਰਮ ਸੁਭਾਅ ਬਾਰੇ, ਉਹਨਾਂ ਦੀਆਂ ਛਾਤੀਆਂ ਤੇ ਪੱਟਾਂ ਬਾਰੇ ਤੇ ਤੁਰੰਤ ਇਸ਼ਕਾਂ ਬਾਰੇ ਮਸਾਲੇਦਾਰ ਗੱਲਾਂ ਕਰਦਾ ਹੈ। ਕਾਫੀ ਪੀਂਦਾ ਜਾਂ ਪਾਨ ਚੱਬਦਾ ਉਹ ਹੱਸ ਹੱਸ ਦੂਜਿਆਂ ਦੀ ਖੱਲ ਲਾਹੁੰਦਾ ਹੈ। ਉਸ ਦੀ ਨਜ਼ਰ ਪਾਖੰਡ ਨੂੰ, ਸਾਹਿਤਕਾਰਾਂ ਦੀਆਂ ਫੜ੍ਹਾਂ ਨੂੰ, ਪੁੱਠੀਆਂ ਕੀਮਤਾਂ ਨੂੰ, ਬਸਤਰਾਂ ਅੰਦਰਲੇ ਅਸਤਰਾਂ ਨੂੰ, ਅੰਗੀਆਂ ਚ ਲੁਕੇ ਜਿਨਸੀ ਰੂਪ ਨੂੰ ਝੱਟ ਤਾੜ ਜਾਂਦੀ ਹੈ...।

ਉਹ ਆਖਦਾ ਹੈ, ਮਜ਼ਹਬ ਨੇ ਦੁਨੀਆ ਵਿਚ ਜਿਤਨਾ ਖ਼ੂਨ ਖ਼ਰਾਬਾ, ਕਤਲ ਤੇ ਜੰਗਾਂ ਕਰਵਾਈਆਂ ਹਨ, ਹੋਰ ਕਿਸੇ ਚੀਜ਼ ਨੇ ਨਹੀਂ। ਈਸਾਈਆਂ ਨੇ ਕਈ ਸੌ ਸਾਲ ਤੀਕ ਯੂਰੇਸ਼ਲਮ ਉਤੇ ਕਬਜ਼ਾ ਕਰਨ ਲਈ ਹਜਰਤ ਈਸਾ ਦਾ ਨਾਂ ਲੈ ਕੇ ਲੜਾਈਆਂ ਲੜੀਆਂ। ਮੁਸਲਮਾਨਾਂ ਨੇ ਕਾਫ਼ਰਾਂ ਦੇ ਖਿ?ਲਾਫ਼ ਜਹਾਦ ਕੀਤੇ ਤੇ ਉਨ੍ਹਾਂ ਨੂੰ ਕਤਲ ਕੀਤਾ। ਹਿੰਦੂਆਂ ਦੇ ਧਰਮ ਯੁਧ ਤੇ ਸਿੱਖਾਂ ਦੇ ਮੋਰਚਿਆਂ ਦੀ ਬਿਨਾਅ ਵੀ ਮਜ਼ਹਬ ਹੈ। ਹਿੰਦੋਸਤਾਨ ਵਿਚ ਵੀ ਹਿੰਦੂਆਂ ਤੇ ਇਸਾਈਆਂ ਵਿਚਕਾਰ, ਮੁਸਲਮਾਨਾਂ ਤੇ ਹਿੰਦੂਆਂ ਵਿਚਕਾਰ, ਹਿੰਦੂਆਂ ਤੇ ਸਿੱਖਾਂ ਵਿਚਕਾਰ ਅਤੇ ਸੁੰਨੀਆਂ ਤੇ ਸ਼ੀਆਂ ਵਿਚਕਾਰ ਫਸਾਦ ਹੋਏ। ਹਰੀਜਨਾਂ ਦੀਆਂ ਤੀਵੀਆਂ ਨੂੰ ਫੜ ਕੇ ਜਬਰ ਜਿਨਾਹ ਕੀਤਾ ਜਾਂਦਾ ਹੈ ਤੇ ਉਹਨਾਂ ਦੀਆਂ ਝੁੱਗੀਆਂ ਨੂੰ ਸਾੜਿਆ ਜਾਂਦਾ ਹੈ- ਜਾਤ ਪਾਤ ਤੇ ਮਜ਼ਹਬ ਦੇ ਨਾਂ ਉਤੇ...।

ਕਹਿਣ ਨੂੰ ਭਾਵੇਂ ਕੋਈ ਕੁਝ ਕਹੀ ਜਾਵੇ ਬਲਵੰਤ ਗਾਰਗੀ ਤੇ ਖ਼ੁਸ਼ਵੰਤ ਸਿੰਘ ਸੀ ਕਮਾਲ ਦੇ ਲੇਖਕ!

*ਮੈਂ ਸਿਆਟਲ ਕਈ ਵਾਰ ਗਿਆ ਹਾਂ। ਉਥੇ ਮੈਨੂੰ ਗਾਰਗੀ ਮੁੜ ਮੁੜ ਯਾਦ ਆ ਜਾਂਦਾ ਰਿਹਾ। ਉਥੇ ਜਾ ਕੇ ਜੀਨੀ ਵੀ ਯਾਦ ਆ ਜਾਂਦੀ ਰਹੀ। ਜੀਨੀ ਗਾਰਗੀ ਚੰਡੀਗੜ੍ਹੋਂ ਭੱਜ ਕੇ ਜੀਨੀ ਚੌਹਾਨ ਬਣ ਗਈ ਤੇ ਉਹਦੀ ਭੈਣ ਐਲਿਜ਼ਾਬੈੱਥ ਸੰਧੂ ਬਣਨੋਂ ਬਚ ਗਈ! ਬਣ ਜਾਂਦੀ ਤਾਂ ਜੀਨੀ ਵਾਂਗ ਭੱਜਣਾ ਉਹਨੂੰ ਵੀ ਪੈਣਾ ਸੀ! ਹੁਣ ਐਲਿਜ਼ਾਬੈੱਥ ਦਾ ਇਕ ਪੁੱਤਰ ਹੈ ਮੈਥਿਊ ਜੈਫ਼ਕੋਟ ਅਤੇ ਦੋ ਪੋਤੇ ਹਨ, ਮਿੱਲੋ ਤੇ ਔਗਸਤ ਪੈਪਰ। ਪੋਤੇ ਤਾਂ ਮੇਰੇ ਵੀ ਹਨ ਸੁਹੇਲ, ਸਿਮਰ ਤੇ ਹਿੰਮਤ ਸਿੰਘ। ਜੀਨੀ ਦੀ ਮਾਂ ਜੀਨ ਮੈਕਲਾਰਨ ਹੈਨਰੀ, 18 ਜੁਲਾਈ 2005 ਨੂੰ ਸਿਆਟਲ ਚ ਪੂਰੀ ਹੋਈ। ਗਾਰਗੀ 22 ਅਪ੍ਰੈਲ 2003 ਨੂੰ ਮੁੰਬਈ ਵਿਚ ਪੂਰਾ ਹੋਇਆ। ਉਹਦਾ ਦਿੱਲੀ ਵਿਚ ਸਸਕਾਰ ਹੋਇਆ ਤੇ ਅਸਥੀਆਂ ਬਠਿੰਡੇ ਨਹਿਰ ਵਿਚ ਤਾਰੀਆਂ ਗਈਆਂ। ਜੀਨ ਮੈਕਲਾਰਨ 1912 ਵਿਚ ਜੰਮੀ ਸੀ ਜੋ ਆਪਣੇ ਜੁਆਈ ਗਾਰਗੀ ਤੋਂ ਚਾਰ ਸਾਲ ਹੀ ਵੱਡੀ ਸੀ। ਸ਼ੁਕਰ ਐ ਗਾਰਗੀ ਉਹਦੇ ਨਾਲ ਨੀ ਸੀ ਵਿਆਹਿਆ ਗਿਆ! ਜੀਨੀ ਦਾ ਪਿਓ ਜੈਕ ਹੈਨਰੀ 1997 ਚ ਪੂਰਾ ਹੋ ਗਿਆ ਸੀ। ਜੀਨੀ ਤੇ ਗਾਰਗੀ ਦਾ ਪੁੱਤ ਮੰਨੂ ਗਾਰਗੀ ਬਾਲੀਵੁੱਡ ਤੇ ਹਾਲੀਵੁੱਡ ਦੀਆਂ ਫਿਲਮਾਂ ਚ ਕੰਮ ਕਰਦਾ ਰਿਹਾ ਤੇ ਧੀ ਜੰਨਤ ਗਾਰਗੀ ਸਿਆਟਲ ਵਿਚ ਮਾਡਲਿੰਗ ਕਰਦੀ ਰਹੀ। ਗਾਰਗੀ ਦੇ ਡਰਾਮੇ ਚੋਂ ਬਚ ਜਾਣ ਪਿੱਛੋਂ ਆਪਾਂ ਨੂੰ ਕੋਈ ਫਿਕਰ ਨਹੀਂ ਰਿਹਾ ਪਈ ਐਲਜ਼ਾਬੈੱਥ ਹੈਨਰੀ ਕੀ ਕਰਦੀ ਰਹੀ?

## 13 ਮਈ 2023 ਨੂੰ ਕੈਲਗਰੀ ਵਿਖੇ ਕੱਢੇ ਜਾਣ ਵਾਲੇ ਵਿਸਾਖੀ ਦੇ ਨਗਰ ਕੀਰਤਨ ਸਬੰਧੀ ਬੇਨਤੀਆਂ




1- ਗੁਰੂਘਰ ਦੇ ਨੇੜੇ ਤੇੜੇ ਕੋਈ ਵੀ ਗੱਡੀ ਉਸ ਦਿਨ ਪਾਰਕਿੰਗ ਨਾ ਕਰੋ। ਹੋ ਸਕੇ ਤਾਂ ਬੱਸ ਜਾਂ ਕਿਸੇ ਤੋਂ ਰਾਈਡ ਦਾ ਪ੍ਰਬੰਧ ਕਰੋ ਜੀ।

2- ਕਦੀ ਵੀ ਸੜਕ ਜਾਂ ਗਲੀ ਨੂੰ ਅਚਾਨਕ ਪਾਰ ਕਰਨ ਦੀ ਕੋਸਿਸ ਨਾ ਕਰੋ। ਸਿਰਫ ਪੁਲਿਸ ਜਾਂ ਸਕਿਓਰਟੀ ਗਾਰਡ ਦੀ ਨਿਗਰਾਨੀ ਹੇਠ ਹੀ ਸੜਕ ਪਾਰ ਕਰੋ। ਕੋਸਿਸ ਕਰੋ ਕਿ ਸੜਕ ਪਾਰ ਕਰਨ ਲਈ ਕਰੌਸਵਾਕ ਜਾਂ ਇੰਟਰਸੈਕਸਨ ਵਾਲੀ ਜਗ੍ਹਾ ਹੀ ਵਰਤੀ ਜਾਵੇ।

3- ਸੇਵਾਦਾਰਾਂ ਦੀ ਗੱਲ ਸੁਣੋ ਅਤੇ ਕਦੇ ਵੀ ਘਾਹ ਉੱਤੇ ਨਾ ਤੁਰੋ, ਜੇਕਰ ਤੁਸੀ ਉਸ ਦਿਨ ਹੋਰ ਘਰਾਂ ਦੇ ਲੋਕਾਂ ਦਾ ਘਾਹ ਮਿੱਧ ਦੇਵੋਗੇ ਤਾਂ ਆਪਣੇ ਇਸ ਨਗਰ ਕੀਰਤਨ ਦਾ ਉਹਨਾਂ ਲੋਕਾਂ ਦੇ ਦਿਲਾਂ ਉੱਤੇ ਮਾੜਾ ਪ੍ਰਭਾਵ ਪਵੇਗਾ। ਅਫਰਾ ਤਫਰੀ ਫੈਲਾਉਣ ਦੀ ਬਜਾਇ ਲਾਈਨਾਂ ਬੰਨਕੇ ਤੁਰਨਾ ਸਿੱਖੋ। ਉਸ ਦਿਨ ਤੁਹਾਡੀ ਡਿਊਟੀ ਬਣਦੀ ਹੈ ਕਿ ਕਿਸੇ ਸੇਵਾਦਾਰ ਨੂੰ ਤੁਹਾਨੂੰ ਕਿਸੇ ਗੱਲੋਂ ਰੋਕਣਾ ਟੋਕਣਾ ਨਾ ਪਵੇ ਸਗੋਂ ਤੁਸੀ ਖੁਦ ਹੀ ਅਜਿਹਾ ਮਾਹੌਲ ਦੇਵੋ ਕਿ ਹਰ ਬੰਦਾ ਆਪਣੇ ਆਪ ਨੂੰ ਉਸ ਦਿਨ ਸੇਵਾਦਾਰ ਹੀ ਸਮਝੇ। ਗਾਰਵੇਜ ਸੁੱਟਣ ਲਈ ਜੇਕਰ ਲਗਾਏ ਹੋਏ ਕਾਲੇ ਬੈਗ ਭਰ ਜਾਂਦੇ ਹਨ ਤਾਂ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਬਾਹਰ ਹੀ ਲਿਬੜੀਆਂ ਹੋਈਆਂ ਕਾਲੀ ਪਲੇਟਾਂ ਬੈਗ ਦੇ ਕੋਲ ਢੇਰ ਲਗਾ ਦਿੰਦੇ ਹਨ। ਉਸ ਵੇਲੇ ਤੁਹਾਡਾ ਫਰਜ਼ ਬਣਦਾ ਹੈ ਕਿ ਉਸ ਭਰੇ ਹੋਏ ਬੈਗ ਨੂੰ ਵੱਡੇ ਬਿਨ ਵਿੱਚ ਸੁੱਟ ਦੇਵੋ ਅਤੇ ਨਵਾਂ ਬੈਗ ਲਗਾ ਦਿਓ। ਪਾਣੀ ਜੂਸ ਵਾਲੀਆਂ ਬੋਤਲਾਂ ਸਿਰਫ ਰੀ ਸਾਈਕਲ ਵਾਲੇ ਬੈਗਾਂ ਵਿੱਚ ਹੀ ਸੁਟੋ।

4- ਖਾਲਸਾਈ ਪ੍ਰਤੀਕ ਦਸਤਾਰਾਂ ਅਤੇ ਦੁਪੱਟੇ ਸਜਾਕੇ ਆਉਣਾ ਜੀ।

5- ਦਾਨ ਦੇਣ ਵੇਲੇ ਇਹਨਾਂ ਗੱਲਾਂ ਦਾ ਖਿਆਲ ਰੱਖਣਾ:-ਲੰਗਰ ਲਈ ਪਲੇਟਾਂ,ਗਲਾਸ, ਚਮਚੇ,ਹੱਥ ਸਾਫ ਕਰਨ ਲਈ ਪੇਪਰ,ਆਦਿ ਗੁਰੂਘਰ ਦੇ ਪ੍ਰਬੰਧਕਾਂ ਕੋਲੋਂ ਕਿ ਕਿਸ ਕਿਸਮ ਦਾ ਮੈਟੀਰੀਅਲ ਹੋਵੇ ਪਹਿਲਾਂ ਪੁੱਛਕੇ ਦੇਵੋ ਜੀ

6- ਘਰ ਵਿੱਚ ਤਿਆਰ ਕੀਤਾ ਕੋਈ ਵੀ ਫੂਡ ਉਸ ਦਿਨ ਗੁਰੂਘਰ ਨਾ ਲੈਕੇ ਆਵੋ ਜੀ ਸਗੋਂ ਜੇ ਕਰ ਕਿਸੇ ਰੈਸਟੋਰੈਂਟ ਤੋਂ ਵੱਡੀ ਮਾਤਰਾ ਵਿੱਚ ਦਾਨ ਦੇਣ ਲਈ ਫੂਡ ਲਿਆਉਣਾ ਹੈ ਤਾਂ ਪਹਿਲਾਂ ਗੁਰੂਘਰ ਦੇ ਲੰਗਰ ਦੇ ਸੇਵਾਦਾਰਾਂ ਨਾਲ ਸੰਪਰਕ ਜਰੂਰ ਕਰ ਲਵੋ ਜੀ।

7- ਫੂਡ ਬੈਂਕ ਵਿੱਚ ਦਾਨ ਲਈ ਡੱਬਾ ਬੰਦ ਫੂਡ ਦੀ ਹੀ ਵਰਤੋਂ ਕਰੋ ਜੀ।

8- ਨਗਰ ਕੀਰਤਨ ਵਿੱਚ ਹੋਰ ਵੀ ਬਹੁਤ ਸਾਰੀਆਂ (ਇੰਡੀਆਂ ਤੋਂ ਬਿਨਾ) ਕਮਿਓਨਟੀਆਂ ਵੀ ਹਿਸਾ ਲੈਂਦੀਆਂ ਹਨ। ਗੁਰੂ ਮਹਾਰਾਜ ਦੇ ਸਤਿਕਾਰ ਲਈ ਬਹਤ ਹੀ ਪਿਆਰ ਨਾਲ ਉਹਨਾਂ ਨੂੰ ਸਿਰ ਢੱਕਣ ਲਈ ਪ੍ਰੇਰਿਤ ਕਰੋ। ਕਦੀ ਵੀ ਉਸ ਨਾਲ ਰੁੱਖਾ ਵਤੀਰਾ ਨਾ ਕਰੋ ਕਿ ਤੂੰ ਸਿਰ ਕਿਓਂ ਨਹੀ ਢਕਿਆ ਹੋ ਸਕਦੈ ਉਹ ਪਹਿਲੀ ਬਾਰ ਇਸ ਪਰੇਡ ਵਿੱਚ ਸਾਮਿਲ ਹੋਇਆ ਹੋਵੇ ਅਤੇ ਉਸ ਨੂੰ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਨਾ ਹੋਵੇ! ਜੇਕਰ ਤੁਹਾਨੂੰ ਉਸ ਨਾਲ ਗੱਲਬਾਤ ਕਰਨ ਲਈ ਅੰਗਰੇਜੀ ਨਹੀ ਆਉਂਦੀ ਤਾਂ ਕਿਸੇ ਆਪਣੀ ਕਮਿਓਨਟੀ ਦੇ ਕਿਸੇ ਅੰਗਰੇਜ਼ੀ ਜਾਨਣ ਵਾਲੇ ਵਿਅਕਤੀ ਦੀ ਮੱਦਦ ਲੈ ਲਵੋ।

9- ਬੱਚਿਆਂ ਦੀ ਜੇਬ ਵਿੱਚ ਫੋਨ ਨੰਬਰ ਜਰੂਰ ਲਿਖਕੇ ਪਾਵੋ ਤਾਂ ਕਿ ਗੁੰਮ ਹੋ ਜਾਣ ਮੌਕੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕੇ। ਕੋਸਿਸ ਕਰੋ ਕਿ ਉਸ ਦਿਨ ਜਿਹੜੇ ਕੱਪੜੇ ਬੱਚੇ ਨੇ ਪਹਿਨੇ ਹੋਣ ਉਹਨਾਂ ਕੱਪੜਿਆਂ ਵਾਲੀ ਫੋਟੋ ਵੀ ਆਪਣੇ ਸੈਲ ਫੋਨ ਵਿੱਚ ਜਰੂਰ ਖਿੱਚਕੇ ਰੱਖੋ ਜੀ

10- ਆਪਣੀ ਅਤੇ ਹੋਰਾਂ ਦੀ ਸੁਰੱਖਿਆ ਕਰਨਾ ਹਰ ਸਿੱਖ ਦਾ ਫਰਜ਼ ਹੈ। ਜੇਕਰ ਤੁਹਾਨੂੰ ਕੋਈ ਵਿਆਕਤੀ ਸ਼ੱਕੀ ਲੱਗਦਾ ਹੈ ਜਾਂ ਕੋਈ ਵੀ ਚੀਜ ਨਗਰ ਕੀਰਤਨ ਦੇ ਰਸਤੇ ਵਿੱਚ ਜਾਂ ਗਰਾਉਂਡਾਂ ਵਿੱਚ ਦਿਖਾਈ ਦਿੰਦੀ ਹੈ ਤਾਂ ਹਫੜਾ ਦਫੜੀ ਨਹੀਂ ਮਚਾਉਣੀ ਸਗੋਂ ਉਸ ਨੂੰ ਕੰਟਰੋਲ ਕਰਨ ਲਈ ਪੁਲਿਸ ਜਾਂ ਨਗਰ ਕੀਰਤਨ ਦੇ ਕਿਸੇ ਵਾਲੰਟੀਅਰ ਨੂੰ ਸੂਚਿਤ ਕਰ ਸਕਦੇ ਹੋ। ਨੋਟ: ਇਸ ਵਾਰ ਵੀ ਕੈਲਗਰੀ ਨਗਰ ਕੀਰਤਨ ਦੀ ਸਮਾਪਤੀ ਪ੍ਰੇਰੀਵਿੰਡਜ਼ ਪਾਰਕ ਜਾਕੇ ਹੀ ਹੋਵੇਗੀ ਅਤੇ ਪ੍ਰੇਰੀਵਿੰਡਜ਼ ਪਾਰਕ ਵਿਖੇ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ।




ਬੇਨਤੀ ਕਰਤਾ:-
**ਹਰਬੰਸ ਬੁੱਟਰ**
ਸੰਪਾਦਕ -"ਪੰਜਾਬੀ ਅਖ਼ਬਾਰ"
"ਪ੍ਰਾਈਮ ਏਸੀਆ" ਟੀ ਵੀ
ਕੈਲਗਰੀ 403 640 2000

















# ਸ਼ਿਵ ਦੀ ਗੱਲ ਤੁਰਦੀ ਐ ਤਾਂ "ਲੂਣਾਂ" ਤੱਕ ਸਿਮਟ ਕੇ ਕਿਉਂ ਰਹਿ ਜਾਂਦੀ ਐ?



ਪਤਾ ਨਹੀਂ ਮੈਨੂੰ ਕਦੇ ਕਦੇ ਇੰਝ ਜਾਪਦੈ ਕਿ ਸ਼ਿਵ ਕੁਮਾਰ ਬਟਾਲਵੀ ਜਿੱਡਾ ਵੱਡਾ ਗੀਤਕਾਰ ਸੀ,ਓਡਾ ਵੱਡਾ ਰੁੱਤਬਾ ਅਸੀਂ ਉਹਨੂੰ ਨਹੀਂ ਦੇ ਸਕੇ, ਜਦੋਂ ਵੀ ਸ਼ਿਵ ਦੀ ਗੱਲ ਤੁਰਦੀ ਐ ਤਾਂ "ਬ੍ਰਿਹਾ ਦਾ ਸੁਲਤਾਨ" ਤੋਂ "ਲੂਣਾਂ" ਤੱਕ ਸਿਮਟ ਕੇ ਕਿਉਂ ਰਹਿ ਜਾਂਦੀ ਐ, ਸ਼ਿਵ ਦੇ ਪਾਠਕ, ਸ੍ਰੋਤੇ ਸਿਰਫ ਕਾਲਜਾਂ ਯੂਨਵਰਸਟੀਆਂ ਦੇ ਵਿਦਿਆਰਥੀ ਤੇ ਬੁੱਧੀਜੀਵੀ ਵਰਗ ਹੀ ਕਿਉਂ ਹੈ

ਜਦੋਂ ਕਿ ਸ਼ਿਵ ਤਾਂ ਖੇਤਾਂ ਵਿੱਚ ਹਲ਼ ਵਾਹੁੰਦੇ ਹਾਲੀਆਂ ਦਾ ਗੀਤਕਾਰ ਐ, ਸ਼ਿਵ ਤਾਂ ਤ੍ਰਿੰਞਣਾ 'ਚ ਚਰਖਾ ਕੱਤਦੀਆਂ ਤ੍ਰੀਮਤਾਂ ਦਾ ਗੀਤਕਾਰ ਐ, ਸ਼ਿਵ ਤਾਂ ਹੱਟੀਆਂ,ਭੱਠੀਆਂ, ਸੱਥ ਦਰਵਾਜ਼ੇ ਤੇ ਚੁੱਲ੍ਹੇ ਚੌਂਕਿਆਂ ਦਾ ਗੀਤਕਾਰ ਐ,ਸ਼ਿਵ ਪੰਜਾਬ ਦੇ ਪੇਂਡੂ ਜੀਵਨ ਵਿੱਚ ਗੜੁੱਚ ਸੀ, ਜਦੋਂ ਉਸ ਸਮੇਂ ਦੇ ਹੋਰ ਨਾਮੀ ਕਵੀਆਂ ਗੀਤਕਾਰਾਂ ਨਾਲ ਸ਼ਿਵ ਦੀ ਪੇਂਡੂ ਪਕੜ ਨੂੰ ਸਮਝਣ ਦੀ ਕੋਸ਼ਿਸ਼ ਕਰੀਦੀ ਐ ਤਾਂ ਉਹ ਬਹੁਤ ਵੱਡਾ ਬੰਦਾ ਜਾਪਦੈ, ਸ਼ਿਵ ਦੇ ਸਮਕਾਲੀ ਪੰਜਾਬ ਦੇ ਨਾਮੀ ਕਵੀ ਪ੍ਰੋ ਮੋਹਨ ਸਿੰਘ ਦਾ ਇੱਕ ਗੀਤ ਸੀ

ਘੋੜੀ ਤੇਰੀ ਦੇ ਗਲ਼ ਚਾਂਦੀ ਦੇ ਘੁੰਗਰੂ
ਸਾਡੀਆਂ ਤਾਂ ਸੁੱਥਣਾਂ ਨੂੰ ਭੱਖੜਾ ਵੇ ਹੋ

ਹੁਣ ਇਸ ਗੀਤ ਦੀ ਗਹਿਰਾਈ ਵਿੱਚ ਜਾਂਦਿਆਂ ਮਰ ਮਨ ਵਿੱਚ ਇੱਕ ਸੁਆਲ ਪੈਦਾ ਹੁੰਦਾ ਹੈ ਕਿ ਭੱਖੜਾ ਭਾਰਾ ਕੰਡਾ ਹੁੰਦੈ । ਉਹ ਧਰਤੀ ਦੇ ਸਤਹ ਤੇ ਹੀ ਹੁੰਦੈ ਪੈਰਾਂ ਵਿੱਚ ਖੁੱਭ ਤੇ ਸਕਦੈ ਪਰ ਸੁੱਥਣ ਨੂੰ ਨਹੀਂ ਚਿੰਬੜਦਾ, ਹਾਂ ਸੁੱਥਣਾਂ ਨੂੰ ਅਲੇਹਾ ਚਿੰਬੜਦਾ ਐ, ਕਿਉਂਕਿ ਅਲੇਹੇ ਦਾ ਬੂਝਾ ਧਰਤੀ ਦੀ ਸਤਹ ਤੋਂ ਕੁੱਝ ਉਚਾ ਹੁੰਦੈ ਹੋ ਸਕਦੈ ਮੈਂ ਗਲਤ ਹੋਵਾਂ ਪਰ । ਪਰ ਮੈਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਇਹ ਗੀਤ ਪੰਜਾਬ ਦੇ ਕਿਸੇ ਪੇਂਡੂ ਸੱਭਿਆਚਾਰ ਨਾਲ ਗੜੁੱਚ ਗੀਤਕਾਰ ਦੀ ਲਿਖਤ ਐ

ਹਾਂ ਇਹ ਤੇ ਕਿਸੇ ਪੇਂਡੂ ਪੰਜਾਬੀ ਕਵੀ ਦੀ ਰਚਨਾ ਹੋ ਸਕਦੀ ਐ ਕਿ

"ਭੱਖੜੇ ਦੇ ਕੰਡੇ ਵਾਂਗੂੰ ਖੁੱਭਿਆ ਪਿਆ ਏਂ
ਮੇਰੇ ਦਿਲ ਵਿੱਚ ਤੂੰ

ਜਾਂ ਪੇਂਡੂ ਜੀਵਨ ਹੰਢਾਉਣ ਵਾਲਾ ਗੀਤਕਾਰ ਹੀ ਕਹੂਗਾ ਕਿ

''ਰੂੰਗਾ ਭੂੰਗਾ ਜਾਣੀਂ ਨਾ ਤੂੰ ਮੁੰਡੇ ਅਣਦਾੜ੍ਹੀਏ ਨੂੰ
ਕਰਨੀ ਦਾ ਪੂਰਾ ਮਾਲਾ ਮਾਲ ਸੋਹਣੀਏ
ਨੀ ਤੇਰੇ ਲੱਗ ਜੂੰ ਅਲੇਹੇ ਵਾਂਗੂੰ ਨਾਲ ਸੋਹਣੀਏ''

ਜਦੋਂ ਹੋਰ ਗਹੁ ਨਾਲ ਸੋਚਦਾ ਹਾਂ ਤਾਂ ਮੈਨੂੰ ਭਰਮ ਪੈ ਜਾਂਦੈ ਕਿ ਉਸ ਵੇਲੇ ਦੇ ਨਾਮੀ ਲੋਕ-ਗਾਇਕ ਸੁਰਿੰਦਰ ਕੌਰ, ਆਸਾ ਸਿੰਘ ਮਸਤਾਨਾ, ਕੇ ਦੀਪ, ਜਗਮੋਹਨ ਕੌਰ ਨੂੰ ਛੱਡ ਕੇ ਪੰਜਾਬ ਦੇ ਪੇਂਡੂ ਖੇਤਰ ਦੇ ਸਿਰਕੱਢ ਗਾਇਕਾਂ ਨੇ ਸ਼ਿਵ ਨੂੰ ਪਹਿਚਾਣਿਆ ਈ ਨਹੀਂ।ਉਸ ਵੇਲੇ ਨਰਿੰਦਰ ਬੀਬਾ, ਹਰਚਰਨ ਗਰੇਵਾਲ , ਚਾਂਦੀ ਰਾਮ, ਸਵਰਨਲਤਾ, ਮੁਹੰਮਦ ਸਦੀਕ ਕੁਲਦੀਪ ਮਾਣਕ ਜਿਹੇ ਗਵਈਏ ਪੰਜਾਬ ਦੇ ਪੇਂਡੂ ਲੋਕਾਂ ਦੇ ਦਿਲਾਂ ਦੀ ਧੜਕਣ ਸਨਜਦੋਂ ਕਿ ਸੁਰਿਦਰ ਕੌਰ ਆਸਾ ਸਿੰਘ ਮਸਤਾਨਾ ਕੇ ਦੀਪ ਜਗਮੋਹਣ ਕੌਰ ਜ਼ਿਆਦਾ ਤਰ ਸ਼ਹਿਰੀ ਖੇਤਰ ਦੇ ਕਲਾਕਾਰ ਮੰਨੇ ਜਾਂਦੇ ਸਨ। ਮੇਰੀ ਸਮਝ ਮੁਤਾਬਿਕ ਪੰਜਾਬੀ ਜ਼ੁਬਾਨ ਦਾ ਖਜ਼ਾਨਾ ਤਾਂ ਪੇਂਡੂ ਸਮਾਜ ਐ ਨਾਂ ਕਿ ਸ਼ਹਿਰੀ ਲੋਕ। ਪਾੜਾ ਪੇਂਡੂ ਤੇ ਸ਼ਹਿਰੀ ਦਾ ਐ ਨਾ ਕਿ ਕਿਸੇ ਧਰਮ ਮਜ਼ਹਬ ਦਾ ।

ਸ਼ਿਵ ਦੇ ਗੀਤਾਂ ਵਿੱਚ ਤਾਂ ਪੰਜਾਬ ਦੇ ਪਿੰਡ ਰਮੇ ਪਏ ਹਨ,

ਪੇਂਡੂ ਬੋਲੀ ਪੇਂਡੂ ਤਸਵੀਰਾਂ ਆਹ ਦੇਖੋ

ਅਸੀਂ ਕੱਚੀਆਂ ਅਨਾਰਾਂ ਦੀਆਂ ਟਾਹਣੀਆਂ
ਪਈਆਂ ਪਈਆਂ ਝੂਮ ਵੇ ਰਹੀਆਂ
ਅਸੀਂ ਜੰਗਲੀ ਹਿਰਨ ਦੀਆਂ ਅੱਖੀਆਂ
ਪਈਆਂ ਪਈਆਂ ਬਲ਼ ਵੇ ਰਹੀਆਂ
ਅਸੀਂ ਪੱਤਣਾਂ 'ਤੇ ਪਈਆਂ ਬੇੜੀਆਂ
ਪਈਆਂ ਪਈਆਂ ਡੁੱਬ ਵੇ ਰਹੀਆਂ
ਅਸੀਂ ਖੰਡ ਮਿਸ਼ਰੀ ਦੀਆਂ ਡਲੀਆਂ
ਪਈਆਂ ਪਈਆਂ ਖੁਰ ਵੇ ਰਹੀਆਂ
ਅਸੀਂ ਕਾਲੇ ਚੰਦਨ ਦੀਆਂ ਗੇਲੀਆਂ
ਪਈਆਂ ਪਈਆਂ ਧੁਖ ਵੇ ਰਹੀਆਂ
ਅਸੀਂ ਕੱਚਿਆਂ ਘਰਾਂ ਦੀਆਂ ਕੰਧਾ
ਪਈਆਂ ਪਈਆਂ ਭੁਰ ਵੇ ਰਹੀਆਂ

ਇੱਕ ਮੇਰੀ ਸੱਸ ਚੰਦਰੀ
ਭੈੜੀ ਰੋਹੀ ਦੇ ਕਿੱਕਰ ਤੋਂ ਕਾਲੀ
ਗੱਲੇ ਕੱਥੇ ਵੀਰ ਪੁਣਦੀ
ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲੀ
ਨੀ ਕਿਹੜਾ ਉਸ ਤੱਤੜੀ ਦਾ
ਨੀ ਮੈਂ ਲਾਚੀਆਂ ਦਾ ਬਾਗ ਉਜਾੜਿਆ
ਨੀ ਸ਼ੀਸ਼ੇ ਨੂੰ ਤਰੇੜ ਪੈ ਗਈ
ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ
ਨੀ ਇੱਕ ਮੇਰੀ ਅੱਖ ਕਾਸ਼ਨੀ

ਸੁਬਾਹ ਸਵੇਰੇ ਉੱਠ ਖੂਹੇ ਤੇ ਜਾਨੀਂ ਆਂ
ਸੂਹਾ ਸੂਹਾ ਘੜਾ ਚੁੱਕ ਢਾਕੇ ਮੈਂ ਲਾਨੀ ਆਂ
ਮੈਨੂੰ ਲੱਗਾ ਮੇਰੀ ਵੱਖੀ ਸੰਗ ਜਾਪੇ
ਹਾਏ ਨੀ ਮੁੰਡਾ ਲੰਬੜਾ ਦਾ
ਮੈਨੂੰ ਹੀਰੇ ਹੀਰੇ ਆਖੇ

ਨਰਮੇ ਦੇ ਫੁੱਲ ਜਿਹਾ ਲੌਂਗ ਮੇਰੇ ਨੱਕ ਦਾ
ਇੱਕ ਗਿੱਠ ਮਰਕੇ ਵੇ ਮੇਚਾ ਮੇਰੇ ਲੱਕ ਦਾ
ਮੇਰੀ ਵੇਖ ਸ਼ਰਾਬੀ ਚਾਲ,
ਕਣਕਾਂ ਝੂਮਣ ਮੇਰੇ ਨਾਲ
ਮੇਰੇ ਕੋਹ ਕੋਹ ਲੰਮੇ ਵਾਲ ਵੇ ਮੇਰੇ ਹਾਣੀਆਂ ---

ਸਾਹ ਲਵਾਂ ਸੁੱਜ ਜੇ ਕਲੇਜਾ ਠੰਡੀ ਪੌਣ ਦਾ
ਜੰਗਲੀ ਕਬੂਤਰਾਂ ਨੂੰ ਸਾੜਾ ਮੇਰੀ ਧੌਣ ਦਾ
ਮੈਂ ਮਾਰਾਂ ਵੀਹ ਹੱਥ ਛਾਲ,
ਟੱਪ ਜਾਂ ਪਿੰਡ ਤੇਰੇ ਦਾ ਖਾਲ
ਮੇਰੇ ਕੋਹ ਕੋਹ ਲੰਮੇ ਵਾਲ ਵੇ ਮੇਰੇ ਹਾਣੀਆਂ-----

ਮੁੱਖ ਤੇ ਪਸੀਨਾ ਉਹਦੇ ਖਾਵੇ ਇੰਝ ਮੇਲ ਨੀ
ਜਿਵੇਂ ਹੁੰਦੀ ਕੰਮੀਆਂ 'ਤੇ ਕੱਤੇ ਦੀ ਤ੍ਰੇਲ ਨੀ
ਉਹਦੀ ਹੱਥ ਜਿੱਡੀ ਲੰਮੀ ਧੌਣ ਦੇਖ ਕੇ
ਪੈਲਾਂ ਪਾਉਣੋਂ ਮੋਰ ਵੀ ਡਰੇ
ਕਾਲੀ ਦਾਤਰੀ ਚੰਨਣ ਦਾ ਦਸਤਾ
ਲੱਛੀ ਕੁੜੀ ਵਾਢੀਆਂ ਕਰੇ

ਜੁੱਤੀ ਲੈਣੀ ਜੁੱਤੀ ਲੈਣੀ ਪੋਠੋਹਾਰ ਦੀ
ਜਿਹੜੀ ਪੈਰ ਦੇ ਕਲੇਜੇ ਲੱਗ ਜਾਵੇ
ਜਦ ਪਾਵਾਂ ਤੇ ਤੇਰੀ ਯਾਦ ਆਵੇ
ਚੁੰਨੀ ਲੈਣੀ, ਚੁੰਨੀ ਲੈਣੀ ਚੀਨਮੀਣ ਦੀ
ਜਿਹੜੀ ਸੌ ਦੀ ਸਵਾ ਗਜ ਆਵੇ
ਸੱਪ ਬਣ ਕੇ ਜਿਹੜੀ ਲੜ ਜਾਵੇ
ਤੇਰੀ ਸਾਡੀ ਤੇ ਕਹਾਣੀ ਮੁੱਕ ਗਈ
ਅੰਨ੍ਹੇ ਭਾਗਾਂ ਦੀ ਡੰਗੋਰੀ ਟੁੱਟ ਗਈ

ਦੋਸਤੋ ਇਹ ਤਾਂ ਚੌਲਾਂ ਦੇ ਕੜਾਹੇ 'ਚੋਂ ਕੁੱਝ ਕੁ ਦਾਣੇ ਤੁਹਾਡੇ ਸਨਮੁੱਖ ਕੀਤੇ ਨੇ, ਕੜਾਹਾ ਤੇ ਹਾਲੇ ਭਰਿਆ ਪਿਆ ਐ, ਜਿਸਨੂੰ ਹੰਘਾਲਣ ਦੀ ਜ਼ਰੂਰਤ ਐ । ਸ਼ਿਵ ਕੁਮਾਰ ਬਟਾਲਵੀ ਪੰਜਾਬੀ ਗੀਤਾਂ ਦਾ ਅਨਮੋਲ ਖਜਾਨਾ ਹੈ ।

ਸ਼ਿਵ ਕੁਮਾਰ ਦੀ ਇਹ ਤਸਵੀਰ ਗਾਂਧੀ ਹਾਇਰ ਸੈਕੰਡਰੀ ਸਕੂਲ ਮਾਨਸਾ ਦੀ ਸਟੇਜ਼ ਦੀ ਹੈ। ਜੋ ਸਾਡੇ ਮਾਨਸਾ ਦੇ ਪ੍ਰਸਿੱਧ ਫ਼ੋਟੋਗ੍ਰਾਫਰ "ਹਰਜੀਤ" ਜੀ ਨੇ ਖਿੱਚੀ ਸੀ । ਜੋ ਮੇਰੀਆਂ ਯਾਦਾਂ ਦਾ ਸਰਮਾਇਆ ਹੈ ਭਾਵੇਂ ਮੈਂ ਉਸ ਵੇਲੇ ਬਾਲ ਅਵਸਥਾ ਵਿੱਚ ਸੀ ਪਰ ਮੈਂ ਵੀ ਇਸ ਪ੍ਰੋਗਰਾਮ ਦੇ ਸ੍ਰੋਤੇ ਵੱਜੋਂ ਉਸ ਪ੍ਰੋਗਰਾਮ ਦਾ ਹਿੱਸਾ ਸੀ।

######

# ਵਿਅਕਤੀਆਂ ਦੀਆਂ ਵਰਤਾਰੇ ਦੇ ਹਿਸਾਬ ਨਾਲ ਤਿੰਨ ਕਿਸਮਾਂ




ਵਿਅਕਤੀਆਂ ਦੀਆਂ ਵਰਤਾਰੇ ਦੇ ਹਿਸਾਬ ਨਾਲ ਤਿੰਨ ਕਿਸਮਾਂ ਇੱਕ ਪੁਰਾਣੇ ਰਿਟਾਇਰ ਜੱਜ ਸਾਹਿਬ ਸਾਡੇ ਰਿਸ਼ਤੇਦਾਰ ਸਨ ਤੇ ਅਸੀਂ ਵਾਹਵਾ ਇੱਜ਼ਤ ਵੀ ਕਰਦੇ ਸੀ। ਉਹਨਾਂ ਦੀ ਰੁਤਬੇ ਅਤੇ ਸਮਾਜਿਕ ਸਮਝ ਕਰਕੇ ਤੇ ਉਹ ਸਲਾਹ ਵੀ ਬੜੀ ਸਟੀਕ ਦਿੰਦੇ ਸਨ। ਦੁਨੀਆਦਾਰੀ ਤੇ ਵਕਾਲਤ ਤੋਂ ਬਾਅਦ ਹਾਈਕੋਰਟ ਵਿੱਚ ਲਗਾ ਕੇ ਉਹਨਾਂ ਦੀ ਸਮਝ, ਲਿਆਕਤ ਦਾ ਮਨ ਵਿੱਚ ਡਰ ਵੀ ਰਹਿੰਦਾ ਸੀ ਤੇ ਹਰ ਗੱਲ ਬਾਰੇ ਕਿ ਜੱਜ ਸਾਹਿਬ ਕੀ ਕਹਿਣਗੇ ਜਾਂ ਇਹ ਵੀ ਕਿ ਜੇ ਉਹਨਾਂ ਨੂੰ ਪਤਾ ਲੱਗ ਗਿਆ ਤਾਂ ਪਰਿਵਾਰ ਨਾਲ ਨਾਰਾਜ਼ ਨਾ ਹੋ ਜਾਣ। ਸਮਾਂ ਬੀਤਦਾ ਗਿਆ



ਕਾਲਜ ਦੇ ਦਿਨਾਂ ਵਿੱਚ ਮੈਂ ਵਿਦਿਆਰਥੀ ਸਿਆਸਤ ਵਿੱਚ ਭਾਗ ਲੈਣ ਲੱਗਾ ਤਾਂ ਗਰਮ ਉਮਰ ਮੁਤਾਬਿਕ ਇੱਕ ਦੋ ਲੜਾਈਆਂ ਚ ਨਾਮ ਬੋਲਿਆ ਤਾਂ ਥਾਣਿਆਂ ਵਿੱਚੋਂ ਛੁਡਵਾਉਣ ਲਈ ਉਹਨਾਂ ਦਾ ਸਹਾਰਾ ਲੈਣਾ ਪਿਆ ਜਾਂ ਰਾਜ਼ਾਨਾਮੇ ਕਰਵਾਉਣ ਲਈ ਉਹਨਾਂ ਦਾ ਰਸੂਖ ਵਰਤਿਆ ਗਿਆ। ਮੈਨੂੰ ਕਈ ਵਾਰੀ ਉਹਨਾਂ ਦੀ ਡਾਂਟ ਵੀ ਖਾਣੀ ਪਈ ਪਰ ਸਿਆਸਤ ਵਾਲਾ ਕੀੜਾ ਮੈਂ ਨਾ ਕੱਢ ਸਕਿਆ ਤੇ ਕਾਲਜ ਤੋਂ ਯੂਨੀਵਰਸਿਟੀ ਤੱਕ ਇਹ ਚਲਦਾ ਰਿਹਾ ਉਹਨਾਂ ਨੂੰ ਬਿਨ੍ਹਾਂ ਦੱਸੇ।ਉਹ ਆਪਣੇ ਅਹੁਦੇ ਤੋਂ ਰਿਟਾਇਰ ਹੋ ਗਏ ਤੇ ਚੰਡੀਗੜ ਹੀ ਰਹਿਣ ਲੱਗ ਪਏ ਅਤੇ ਸਾਲ ਵਿੱਚ ਇੱਕ ਦੋ ਵਾਰ ਮੇਲ ਮਿਲਾਪ ਹੁੰਦਾ ਉਹਨਾਂ ਨਾਲ । ਫਿਰ ਪੰਜਾਬ ਦੀ ਸਿਆਸਤ ਤੇ ਵੀ ਅੰਨਾ ਅੰਦੋਲਨ ਦਾ ਅਸਰ ਪਿਆ ਤੇ ਮੈਂ ਨਿੱਜੀ ਖੇਤਰ ਦੀ ਨੌਕਰੀ ਛੱਡ ਦਿੱਲੀ ਡੇਰੇ ਲਗਾਏ ਤਾਂ ਕੁੱਝ ਦਿਨਾਂ ਵਿਚ ਨਵੀਂ ਬਣੀ ਪਾਰਟੀ ਦੀਆਂ ਸਫਾਂ ਵਿੱਚ ਸ਼ਾਮਿਲ ਹੋ ਗਿਆ ਤੇ ਪੰਜਾਬ ਪੱਧਰ ਦੇ ਨੇਤਾਵਾਂ ਵਿੱਚ ਨਾ ਬੋਲਣ ਲੱਗ ਪਿਆ। ਆਖਿਰਕਾਰ ਜਦ ਐਮ ਐਲ ਏ ਲਈ ਮੇਰੇ ਨਾਮ ਦੀ ਚਰਚਾ ਹੋਣ ਲਈ ਤਾਂ ਮੈਨੂੰ ਆਸ਼ੀਰਵਾਦ ਲੈਣ ਲਈ ਉਹਨਾਂ ਕੋਲ ਜਾਣਾ ਹੀ ਪੈਣਾ ਸੀ ਤਾਂ ਮੈਂ ਨੀਵਾਂ ਜਿਹਾ ਹੋ ਕਿ ਉਹਨਾਂ ਕੋਲ ਪਹੁੰਚ ਗਿਆ। ਗੋਡੀਂ ਹੱਥ ਲਾ ਕੇ ਚਾਹ ਪਾਣੀ ਪੀ ਕੇ ਮੈਂ ਹਿੰਮਤ ਜਿਹੀ ਕਰਕੇ ਉਹਨਾਂ ਨੂੰ ਦੱਸਣ ਹੀ ਲੱਗਾ ਸੀ ਕਿ ਉਹ ਆਪ ਹੀ ਬੋਲ ਪਏ ਕਿਵੇਂ ਸਰਦਾਰਾ ਫਿਰ ਨਹੀਂ ਟਲਿਆ ਸਿਆਸੀ ਬਣ ਹੀ ਗਿਆ ਹੈਂ ! ਮੈਂ ਕਿਹਾ ਜੀ ਬਣ ਗਿਆ ਤੇ ਹੁਣ ਅਗਲੀ ਪੌੜੀ ਚੜਣ ਲਈ ਤੁਹਾਡੇ ਆਸ਼ੀਰਵਾਦ ਦੀ ਲੋੜ ਹੈ। ਤਾਂ ਉਹਨਾਂ ਸੁਤੇ ਸੁਭਾਅ ਕਿਹਾ ਚੰਗਾ ਹੁੰਦਾ ਜੇ ਆਪਣੇ ਪਰਿਵਾਰਾਂ ਵਿੱਚੋਂ ਕੋਈ ਸਿਆਸਤ ਵਿੱਚ ਨਾ ਜਾਂਦਾ ਪਰ ਹੁਣ ਜੇ ਤੂੰ ਚਲਾ ਹੀ ਗਿਆ ਹੈਂ ਤਾਂ ਮੇਰੀ ਇਸ ਗੱਲ ਦਾ ਧਿਆਨ ਰੱਖੀ। ਮੈਂ ਕਿਹਾ ਹੁਕਮ ਕਰੋ ਜੀ ਤੁਸੀਂ ਮੈਂ ਸਦਾ ਧਿਆਨ ਰੱਖਾਂਗਾ। ਕਹਿੰਦੇ ਦੁਨੀਆ ਵਿੱਚ ਤਿੰਨ ਤਰ੍ਹਾਂ ਦੇ ਬੰਦੇ ਹੁੰਦੇ ਹਨ ; 'ਉੱਚੇ', 'ਸੁੱਚੇ' ਅਤੇ 'ਲੁੱਚੇ' । ਤੇ ਹੁਣ ਸਿਆਸਤ ਵਿੱਚ ਹੈਂ ਤਾਂ ਕੋਸ਼ਿਸ਼ ਕਰੀਂ ਵੱਧ ਤੋਂ ਵੱਧ ਉੱਚੇ ਲੋਕਾਂ ਦੀ ਸੰਗਤ ਕਰੀਂ । ਕਿਉਂਕਿ ਉਹਨਾਂ ਨੂੰ ਤੇਰੇ ਤੱਕ ਕੰਮ ਪਵੇ ਨਾ ਪਵੇ ਪਰ ਉਹਨਾਂ ਤੱਕ ਤੈਨੂੰ ਸਦਾ ਹੀ ਕੰਮ ਰਹੇਗਾ ਕਿਉਂਕਿ ਉਹਨਾਂ ਦੇ ਵਿਚਾਰ ਹੋਰਨਾਂ ਨੂੰ ਪ੍ਰਭਾਵਿਤ ਕਰਨਗੇ ਤੇ ਜੇ ਉਹਨਾਂ ਕੋਲ ਤੂੰ ਜਾਂਦਾ ਆਉਦਾ ਰਹੇਂਗਾ ਤਾਂ ਤੇਰਾ ਹੀ ਫਾਇਦਾ ਹੈ। ਮੈਂ ਕਿਹਾ ਸੱਤ ਬਚਨ ਜੀ ਨੋਟ ਕਰ ਲਿਆ ਤੇ ਸਮਝ ਵੀ ਗਿਆ। ਅੱਗੇ ਜੱਜ ਸਾਹਿਬ (ਜੋ ਹੁਣ ਰਿਟਾਇਰ ਹੋ ਚੁੱਕੇ ਸਨ) ਕਹਿੰਦੇ ਕਿ ਦੂਜੀ ਕਿਸਮ ਦੇ ਲੋਕ ਹੋਣਗੇ ਸੁੱਚੇ ਜਿੰਨਾ ਨਾਲ ਤੈਨੂੰ ਤੁਰਨਾ ਵੀ ਪਵੇਗਾ ਤੇ ਉਹਨਾਂ ਨੂੰ ਤੇਰੇ ਨਾਲ ਕੰਮ ਵੀ ਪਵੇਗਾ ਤੇ ਉਹ ਸੁੱਚਤਾ ਕਰਕੇ ਤੇਰਾ ਸਾਥ ਦੇਣਗੇ । ਇਹ ਬੰਦੇ ਤੇਰੇ ਆਲੇ ਦੁਆਲੇ ਜਿੰਨੇ ਵੱਧ ਹੋਣਗੇ ਉਨੀ ਹੀ ਤੇਰੀ ਤਰੱਕੀ ਹੋਵੇਗੀ। ਇਹ ਬੰਦੇ ਵੱਧ ਤੋਂ ਵੱਧ ਆਪਣੇ ਨਾਲ ਜੋੜਣ ਦੀ ਕੋਸ਼ਿਸ਼ ਕਰੀਂ। ਮੈਂ ਸੁਤੇ ਸੁਭਾਅ ਤੀਜੀ ਕਿਸਮ ਭਾਵ 'ਲੁੱਚੇ' ਵਿਅਕਤੀਆਂ ਦੀ ਕਿਸਮ ਬਾਰੇ ਵੀ ਪੁੱਛ ਲਿਆ ਤਾਂ ਉਹ ਕਹਿੰਦੇ ਇਹ ਉਹ ਕਿਸਮ ਦੇ ਵਿਅਕਤੀ ਹੋਣਗੇ ਜਿੰਨਾ ਨੂੰ ਆਮ ਬੰਦਾ ਬੁਲਾਉਣ ਤੋਂ ਹੀ ਕੰਨੀ ਕਤਰਾਉਦਾ ਹੈ ਤੇ ਇਹਨਾ ਤੋਂ ਜਿੰਨਾ ਤੂੰ ਦੂਰ ਰਹਿ ਸਕੇ ਵਧੀਆ ਗੱਲ ਹੈ। ਪਰ ਤੇਰੀ ਹੁਣ ਮਜਬੂਰੀ ਹੋਵੇਗੀ ਕਿ ਸਿਆਸਤ ਵਿੱਚ ਹੋਣ ਕਰਕੇ ਤੈਨੂੰ ਲੁੱਚਿਆਂ ਦੀ ਵੀ ਲੋੜ ਪਵੇਗੀ ਸੋ ਇਹਨਾਂ ਨੂੰ ਕਦੇ ਵੀ ਦਿਨ ਦੇ ਸਮੇਂ ਵਿੱਚ ਨਾ ਮਿਲਣ ਜਾਈਂ ਕਿਉਂਕਿ ਇਹਨਾਂ ਨਾਲ ਮੇਲ ਜੋਲ ਤੇਰੇ ਤੋਂ ਸੁੱਚਿਆਂ ਤੇ ਉੱਚਿਆਂ ਨੂੰ ਪਤਾ ਲੱਗਣ ਤੇ ਤੈਨੂੰ ਉਹਨਾਂ ਤੋਂ ਦੂਰ ਕਰ ਦੇਵੇਗਾ। ਇਹਨਾਂ ਨੂੰ ਕਦੇ ਮਿਲੇ ਤਾਂ ਇਕੱਲਾ ਮਿਲਣ ਦੀ ਕੋਸ਼ਿਸ਼ ਕਰੀਂ ਤੇ ਜਨਤਕ ਤੌਰ ਤੇ ਸਿਰਫ ਹੈਲੋ ਹਾਏ ਹੀ ਰੱਖੀਂ । ਮੈਂ ਇਹ ਗੱਲ ਲੜ ਬੰਨ੍ਹ ਲਈ ਹੈ ਤੇ ਸਿਆਸਤ ਦੀ ਪੌੜੀ ਚੜਣ ਵੇਲੇ ਉੱਚੇ, ਸੁੱਚੇ ਤੇ ਲੁੱਚੇ ਵਿਅਕਤੀਆਂ ਦੀ ਕੈਟਾਗਿਰੀ ਦੇ ਅਨੁਸਾਰ ਸਭ ਨਾਲ ਸਬੰਧ ਚੱਲ ਰਿਹਾ ਹੈ। ਪਰ ਦੁਖਦਾਈ ਗੱਲ ਇਹ ਹੈ ਕਿ ਸਿਆਸਤ ਵਿਚ ਵੱਧ ਲੁੱਚਿਆਂ ਦਾ ਬੋਲ ਬਾਲਾ ਹੈ ਜਦ ਕਿ ਲੋਕ ਸੁੱਚਿਆਂ ਦੀ ਕਦਰ ਕਰਦੇ ਹਨ। ਸੋ ਮੁਕਦੀ ਗੱਲ ਇਹ ਕਿ ਜਿੰਦਗੀ ਵਿੱਚ ਇਹਨਾਂ ਤਿੰਨਾਂ ਕਿਸਮਾਂ ਦੇ ਵਿਅਕਤੀਆਂ ਦੀ ਪਛਾਣ ਕਰਨੀ ਆਉਣੀ ਜਨਤਕ ਖੇਤਰ ਵਿੱਚ ਵਧਣ ਲਈ ਜ਼ਰੂਰੀ ਹੈ।

(ਨੋਟ-ਸੰਪੂਰਨ ਬਿਰਤਾਂਤ ਕਾਲਪਨਿਕ ਤੇ ਸਵੈ ਸਿਰਜਿਆ ਹੈ ਕਿਸੇ ਵਿਅਕਤੀ ਵਿਸ਼ੇਸ਼ ਨਾਲ ਇਸਦਾ ਕੋਈ ਸਬੰਧ ਨਹੀਂ ਹੈ।)

**ਵਿਸ਼ਵਦੀਪ ਬਰਾੜ ਮਾਨਸਾ**

# ਮੈਂ ਘੁੱਟੀਂ ਬਾਟੀਂ ਪੀ ਲਈ ਜੁਦਾਈ ਸੱਜਣਾ

## ਓਹ ਵੇਲਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ
403-590-9629



ਦਰਦ ਹਲਕਾ ਹੈ, ਸਾਂਸ ਭਾਰੀ ਹੈ,
ਜੀਏ ਜਾਨੇ ਕੀ ਰਸਮ ਜਾਰੀ ਹੈ।
ਆਪ ਕੇ ਬਾਅਦ ਹਰ ਘੜੀ,
ਹਮਨੇ ਆਪ ਕੇ ਸਾਥ ਗੁਜ਼ਾਰੀ ਹੈ।

ਜੰਮਣ-ਭੋਂ ਦੁਨੀਆਂ ਦੇ ਨਕਸ਼ੇ ਤੇ ਅਜਿਹੀ ਥਾਂ ਹੁੰਦੀ ਹੈ ਜਿੱਥੇ ਵਾਰ ਵਾਰ ਜਾਣ ਨੂੰ ਜੀਅ ਕਰਦਾ ਹੈ। ਕੁੱਝ ਅਰਸਾ ਨਾ ਜਾਈਏ ਤਾਂ ਇੱਕ ਕਸਕ ਤੁਹਾਡੀਆਂ ਆਂਦਰਾਂ ਨੂੰ ਖਿੱਚ ਪਾਉਂਦੀ ਹੈ।ਜਿੰਨ੍ਹਾਂ ਰਾਹਾਂ ਤੇ ਕਦੇ ਪੈੜਾਂ ਕੀਤੀਆਂ ਸਨ, ਉਨ੍ਹਾਂ ਵਿੱਚ ਦੁਬਾਰਾ ਪੈਰ ਧਰ ਕੇ ਤੁਰਨ ਨੂੰ ਮਨ ਲੋਚਦਾ ਹੈ। ਓਥੇ ਬਿਤਾਏ ਕਿਲਕਾਰੀਆਂ ਵਰਗੇ ਦਿਨ ਯਾਦਾਂ ਵਿੱਚ ਪੈਲਾਂ ਪਾਉਂਦੇ ਨਜ਼ਰ ਆਉਂਦੇ ਹਨ। ਏਥੇ ਪਰਦੇਸ ਬੈਠਿਆਂ ਨੂੰ ਕਈ ਵਾਰ ਲਗਦਾ ਹੈ ਜਿਵੇਂ ਸਾਰੇ ਪੰਜਾਬ ਦਾ ਮਾਹੌਲ ਆਸਾ ਦੀ ਵਾਰ ਤੋਂ ਚੰਡੀ ਦੀ ਵਾਰ ਵਾਲ਼ੀ ਤਰਜ਼ ਤੇ ਢਲ ਰਿਹਾ ਹੋਵੇ। ਵਸਤਾਂ, ਜਾਇਦਾਤਾਂ ਜਾਂ ਥਾਵਾਂ ਦੀ ਕਬਜ਼ਾ-ਬਿਰਤੀ ਨੇ ਰਿਸ਼ਤਿਆਂ ਵਿਚ ਟੇਢਾਂ ਬੀਜ ਧਰੀਆਂ ਹੋਣ। ਪਰ ਸਾਡੀ ਪੀੜ੍ਹੀ ਨੂੰ ਇਹ ਸਭ ਨਜ਼ਰਅੰਦਾਜ਼ ਕਰ ਕੇ ਸੁਹਿਰਦ ਮਨ ਨਾਲ ਮੋਹ-ਮੁਹੱਬਤ ਵਾਲੀ ਸੁਰ ਸਾਂਭਦਿਆਂ ਸਭ ਨੂੰ ਮਿਲਣਾ ਬਣਦਾ ਹੈ। ਪਤਾ ਨਹੀਂ ਕਿਸ ਮੋੜ ਤੇ ਸਾਹਾਂ ਦੀ ਪੂੰਜੀ ਮੁੱਕ ਜਾਵੇ, ਇਹ ਸੋਚ ਕੇ ਹਰ ਯਾਤਰਾ ਨੂੰ ਆਖਰੀ ਹੀ ਮੰਨਣਾ ਚਾਹੀਦਾ ਹੈ। ਸਾਡੀ ਉਠਦੀ ਪਨੀਰੀ ਨੂੰ ਓਥੇ ਵਸਦੇ ਲੋਕਾਂ ਨਾਲ ਜਾਂ ਮਘਦੇ ਜੀਵਨ ਤੇ ਹਾਲਾਤ ਨਾਲ ਰਾਬਤਾ ਹੋਰ ਵੀ ਜ਼ਰੂਰੀ ਹੈ। ਇਸ ਨਾਲ ਉਨ੍ਹਾਂ ਦਾ ਵਜੂਦ ਵਧੀਆ ਉਸਰਦਾ ਹੈ। ਕੰਮ ਕਰਦੇ ਲੋਕਾਂ ਲਈ ਜਾਣਾ ਇਸ ਲਈ ਜ਼ਰੂਰੀ ਹੈ ਕਿ ਕੋਹਲੂ ਬੈਲ ਵਾਲੀ ਦੌੜ ਦਾ ਅਕੇਵਾਂ ਤੇ ਥਕੇਵਾਂ ਲਾਹ ਕੇ ਭਰਵਾਂ ਸਾਹ ਲੈ ਸਕਣ ਤੇ ਜ਼ਿੰਦਗੀ ਦਾ ਪਾਸਾ ਥੱਲਿਆ ਜਾਵੇ। ਸੋ ਜ਼ਰੂਰ ਜਾਓ ਚਾਹੇ ਥੋੜੇ ਸਮੇਂ ਲਈ ਹੀ ਜਾ ਸਕੋ। ਓਥੇ ਪੁੱਜ ਕੇ ਬੀਤੇ ਪਲ ਸੱਜਰੇ ਹੋ ਜਾਂਦੇ ਹਨ। ਬਨੇਰੇ ਧਰੇ ਦੀਵਿਆਂ ਦੀ ਲੋਅ ਵਰਗੇ ਪਲ ਮੁਸਕਰਾ ਕੇ ਗਲਵੱਕੜੀ ਪਾਉਂਦੇ ਸਾਨੂੰ ਤਰੋ ਤਾਜ਼ਾ ਕਰਦੇ ਹਨ। ਅਸੀਂ ਪੋਹਲੀ ਤੋਂ ਗੁਲਾਬ ਹੋ ਜਾਂਦੇ ਹਾਂ। ਉਨ੍ਹਾਂ ਸਭ ਕੰਧਾਂ, ਰੁੱਖਾਂ ਤੇ ਥਾਵਾਂ ਦੇ ਗਲ਼ ਲੱਗਣ ਨੂੰ ਜੀਅ ਕਰਦੈ ਜਿੱਥੇ ਕਦੇ ਸਾਡੇ ਸੁਪਨੇ ਸੌਂਹ ਲੈਂਦੇ ਸੀ, ਜਿੱਥੇ ਸਾਡੇ ਅੱਖਰਾਂ ਨੇ ਅੱਖਾਂ ਖੋਹਲੀਆਂ ਹੋਣ, ਜਿੱਥੇ ਸੀਨੇ ਅੰਦਰ ਪੁੰਗਰਦੇ ਅੱਖਰਾਂ ਨੂੰ ਸੁਲਘਾ ਲੈਣ ਜਿਹੀ ਉਰਜਾ ਮਿਲੀ, ਜਾਚ ਮਿਲੀ। ਜਿੱਥੇ ਜ਼ਿੰਦਗੀ ਦਾ ਤੱਤਾ ਠੰਢਾ ਸਮੋਣ ਦਾ ਵੱਲ ਸਿੱਖਿਆ। ਅੱਗੇ ਕੁੱਝ ਕਰਨ ਦੀ ਰੀਝ ਜਾਗੀ।

ਇਸ ਵਾਰ ਪੰਜਾਬ ਵੱਲ ਜਾਂਦਿਆਂ ਸੋਚਾਂ ਦੀ ਲੱਦ-ਪਲੱਦ ਕਰਦੀ ਮੈਂ ਸੋਚਦੀ ਰਹੀ ਸ਼ਾਇਦ ਵਕਤ ਦੀ ਤਖ਼ਤੀ ਤੋਂ ਮੇਰੀ ਹੋਂਦ ਮਨਫ਼ੀ ਹੋ ਗਈ ਹੋਵੇ। ਆਪਣਿਆਂ ਦੀ ਸੂਚੀ ਵਿੱਚੋਂ ਖਾਰਜ ਹੁੰਦਿਆਂ ਕਿਹੜਾ ਵਕਤ ਲਗਦੈ, ਜਦ ਉਪਰੋਥਲੀ ਹੁੰਦੀਆਂ ਹੋਣੀਆਂ ਪਲੋ ਪਲੀ ਬਦਲਾਅ ਲਿਆ ਰਹੀਆਂ ਹੋਣ। ਪਰ ਚਿਰਾਂ ਤੋਂ ਵਿੱਛੜੀਆਂ ਕਈ ਸਾਂਝਾਂ ਬਾਹਾਂ ਖਿਲਾਰ ਕੇ ਜਦ ਮੈਨੂੰ ਕਲਾਵੇ ਭਰ ਮਿਲੀਆਂ ਤੇ ਮੇਰੇ ਮੋਢਿਆਂ ਤੇ ਵੈਰਾਗ ਦੇ ਹੰਝੂ ਵਰਸਾ ਰਹੀਆਂ ਅੱਖਾਂ ਨਾਲ ਕੋਈ ਆ ਮਿਲਿਆ ਤਾਂ ਕਾਲ਼ਜਾ ਠਾਰਨ ਵਰਗਾ ਅਹਿਸਾਸ ਕਰਵਟਾਂ ਲੈਂਦਾ ਰਿਹਾ। ਖਰਚੀ ਟਿਕਟ ਦੇ ਪੈਸੇ ਵਿਆਜ ਸਮੇਤ ਵਸੂਲ ਹੁੰਦੇ ਲੱਗੇ। ਰਿਸ਼ਤੇ ਵਿਚਲੇ ਅਜੇਹੇ ਨਿੱਘ ਨਾਲ ਮੇਰਾ ਅੰਦਰ ਸਰਸ਼ਾਰ ਹੋ ਗਿਆ। ਸਿਆਣੇ ਆਖਦੇ ਹਨ ਬਹੁਤ ਦੂਰ ਤੱਕ ਜਾਣਾ ਪੈਂਦਾ ਹੈ ਇਹ ਦੇਖਣ ਲਈ ਕਿ ਕੌਣ 'ਨੇੜੇ' ਹੈ। ਮੈਨੂੰ ਪਟਿਆਲੇ ਵਾਲੇ ਪੁੱਛਦੇ ਰਹੇ ਸਾਂਝਾਂ ਦੀ ਅਜਿਹੀ ਸਲਤਨਤ ਵਿੱਚੋਂ ਜਾ ਕੇ ਤੇਰਾ ਬਿਗਾਨੀ ਥਾਂ ਚਿੱਤ ਕਿਵੇਂ ਧਿਜ ਗਿਆ। ਮੈਂ ਕਿਹਾ ਹੁਣ ਤਾਂ ਕੈਲਗਰੀ ਹੀ ਸਾਰਾ ਮਿੱਤਰਾਂ ਦਾ ਪਿੰਡ ਨਜ਼ਰ ਆਉਂਦਾ ਹੈ। ਉਥੇ ਕਈ ਲੋਕ ਕੈਨੇਡਾ ਆਏ ਬੱਚਿਆਂ ਦੀਆਂ ਦੁਸ਼ਵਾਰੀਆਂ ਅਤੇ ਅਣਿਆਈਆਂ ਮੌਤਾਂ ਬਾਰੇ ਸਵਾਲਾਂ ਸਮੇਤ ਕਈ ਤੌਖਲੇ ਤੇ ਖ਼ਦਸ਼ੇ ਪਰੋਸਦੇ ਰਹੇ। ਮੈਨੂੰ ਲੱਗਿਆ ਜਿਵੇਂ ਪੰਜਾਬ ਦੀ ਧਰਤੀ ਤੇ ਵਾਪਰਦੀ ਕੋਈ ਹੋਣੀ ਸਾਡੀਆਂ ਸੋਚਾਂ ਵਿਚ ਤਰਥੱਲੀ ਪਾਉਂਦੀ ਹੈ, ਉਵੇਂ ਹੀ ਉਥੇ ਬੈਠੇ ਪੰਜਾਬੀ ਕੈਨੇਡੀਅਨ ਧਰਤ ਦੀ ਉਥਲ-ਪੁਥਲ ਬਾਰੇ ਚਿੰਤਾ ਪਾਲ਼ਦੇ ਹਨ। ਏਥੋਂ ਜਾ ਕੇ ਅਸੀਂ ਪਹਿਲਾਂ ਹੰਢਾਏ ਉਸ ਜਗਤ ਨੂੰ ਹੁਣ ਦੀਆਂ ਗਰਜ਼ਾਂ ਦੇ ਮੇਚ ਦਾ ਕਰ ਕਰ ਦੇਖਦੇ ਹਾਂ। ਲੰਘੇ ਦਿਨਾਂ ਵਿੱਚੋਂ ਰਿਸ਼ਤਿਆਂ ਦੇ ਨਿੱਘ ਅਤੇ ਮੋਹ ਦੀ ਸ਼ਿੱਦਤ ਸਾਨੂੰ ਥਾਪੜਾ ਦੇ ਕੇ ਮੁੜ ਜਿਉਣ ਜੋਗਾ ਕਰਦੀ ਹੈ। ਆ ਰਹੇ ਸਮੇਂ ਦੀਆਂ ਵਿਉਂਤਾਂ ਵਿਚ ਉਲਝੇ ਅਸੀਂ ਫੇਰ ਮਿਲਣ ਦਾ ਪੱਲਾ ਫੜ ਤੁਰਦੇ ਹਾਂ। ਅਧਿਆਪਕ ਹੋਣ ਕਰ ਕੇ ਮੈਨੂੰ ਫ਼ਖ਼ਰ ਹੋਇਆ ਕਿ ਅਸੀਂ ਅਜੇਹੇ ਸੂਰਜ ਹਾਂ ਜੋ ਆਪਣੇ ਹਿੱਸੇ ਦਾ ਚਾਨਣ ਅਗਲੀ ਪੀੜ੍ਹੀ ਨੂੰ ਵੰਡ ਕੇ ਵਿਰਾਸਤ ਦੇ ਚੱਲੇ ਹਾਂ। ਸਾਡੇ ਕੱਪੜੇ-ਲੱਤੇ ਜਿੱਥੇ ਸਾਡੀ ਔਲਾਦ ਲਵੇਗੀ ਉਥੇ ਹੀ ਸਾਡੇ ਬੋਲ, ਸ਼ਬਦ, ਲਿਖਤਾਂ, ਵਿਚਾਰ ਜਾਂ ਖਿਆਲ ਅੱਗੇ ਤੋਰਨ ਦਾ ਵਸੀਲਾ ਸਾਡੇ ਵਿਦਿਆਰਥੀ ਹੋਣਗੇ। ਜੱਗੋਂ ਤੁਰ ਗਿਆਂ ਦਾ ਵਿਗੋਚਾ ਵੀ ਅੰਦਰ ਪੰਘਰਦਾ ਰਿਹਾ। ਫੇਰ ਮਿਲਣ ਦੀ ਆਸ ਤੇ ਹਾਜ਼ਰ ਹੋ ਗਏ ਹਾਂ। ਅੰਮ੍ਰਤਾ ਪ੍ਰੀਤਮ ਨੇ ਅਜਿਹੀ ਤਸੱਲੀ ਬਾਰੇ ਖ਼ੂਬ ਲਿਖਿਆ ਹੈ

ਏਸ ਆਸ ਤੇ ਕਿ ਮੇਲ ਤੇਰਾ ਹੋ ਹੀ ਜਾਣਾ ਹੈ,

**ਏਸ ਆਸ ਤੇ ਕਿ ਮੇਲ ਤੇਰਾ ਹੋ ਹੀ ਜਾਣਾ ਹੈ,**
**ਮੈਂ ਘੁੱਟੀਂ ਬਾਟੀਂ ਪੀ ਲਈ ਜੁਦਾਈ ਸੱਜਣਾ।**

ਜੰਮਣ-ਭੋਂ ਦੁਨੀਆਂ ਦੇ ਨਕਸ਼ੇ ਤੇ ਅਜਿਹੀ ਥਾਂ ਹੁੰਦੀ ਹੈ ਜਿੱਥੇ ਵਾਰ ਵਾਰ ਜਾਣ ਨੂੰ ਜੀਅ ਕਰਦਾ ਹੈ। ਕੁੱਝ ਅਰਸਾ ਨਾ ਜਾਈਏ ਤਾਂ ਇੱਕ ਕਸਕ ਤੁਹਾਡੀਆਂ ਆਂਦਰਾਂ ਨੂੰ ਖਿੱਚ ਪਾਉਂਦੀ ਹੈ।ਜਿੰਨ੍ਹਾਂ ਰਾਹਾਂ ਤੇ ਕਦੇ ਪੈੜਾਂ ਕੀਤੀਆਂ ਸਨ, ਉਨ੍ਹਾਂ ਵਿੱਚ ਦੁਬਾਰਾ ਪੈਰ ਧਰ ਕੇ ਤੁਰਨ ਨੂੰ ਮਨ ਲੋਚਦਾ ਹੈ। ਓਥੇ ਬਿਤਾਏ ਕਿਲਕਾਰੀਆਂ ਵਰਗੇ ਦਿਨ ਯਾਦਾਂ ਵਿੱਚ ਪੈਲਾਂ ਪਾਉਂਦੇ ਨਜ਼ਰ ਆਉਂਦੇ ਹਨ। ਏਥੇ ਪਰਦੇਸ ਬੈਠਿਆਂ ਨੂੰ ਕਈ ਵਾਰ ਲਗਦਾ ਹੈ ਜਿਵੇਂ ਸਾਰੇ ਪੰਜਾਬ ਦਾ ਮਾਹੌਲ ਆਸਾ ਦੀ ਵਾਰ ਤੋਂ ਚੰਡੀ ਦੀ ਵਾਰ ਵਾਲ਼ੀ ਤਰਜ਼ ਤੇ ਢਲ ਰਿਹਾ ਹੋਵੇ। ਵਸਤਾਂ, ਜਾਇਦਾਤਾਂ ਜਾਂ ਥਾਵਾਂ ਦੀ ਕਬਜ਼ਾ-ਬਿਰਤੀ ਨੇ ਰਿਸ਼ਤਿਆਂ ਵਿਚ ਟੇਢਾਂ ਬੀਜ ਧਰੀਆਂ ਹੋਣ। ਪਰ ਸਾਡੀ ਪੀੜ੍ਹੀ ਨੂੰ ਇਹ ਸਭ ਨਜ਼ਰਅੰਦਾਜ਼ ਕਰ ਕੇ ਸੁਹਿਰਦ ਮਨ ਨਾਲ ਮੋਹ-ਮੁਹੱਬਤ ਵਾਲੀ ਸੁਰ ਸਾਂਭਦਿਆਂ ਸਭ ਨੂੰ ਮਿਲਣਾ ਬਣਦਾ ਹੈ।






## VAISAKHI NAGAR KIRTAN COMMITTEE

GURDWARA MILLWOODS (780-450-3844/0322) – SIRI GURU NANAK SIKH GURDWARA OF ALBERTA 780-451-4519
GURDWARA SIRI GURU SINGH SABHA (780-462-7454)
2606 Mill Woods Road East NW, Edmonton, AB, T6L 5Y3 nagarkirtanedmonton@gmail.com

ਅਲਬਰਟਾ ਨਿਵਾਸੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਖ਼ਾਲਸੇ ਦਾ ਸਿਰਜਨਾ ਦਿਵਸ ਮਨਾਉਣ ਲਈ ਐਡਮਿੰਟਨ ਸ਼ਹਿਰ ਵਿਖੇ ਵੈਸਾਖੀ ਨਗਰ ਕੀਰਤਨ ਦਾ ਪ੍ਰਬੰਧ ਐਤਵਾਰ, 21 ਮਈ 2023 ਨੂੰ ਉਤਸ਼ਾਹ, ਸ਼ਰਧਾ, ਅਤੇ ਸਤਿਕਾਰ ਸਹਿਤ ਕੀਤਾ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ ਤੇ ਪਰਿਵਾਰਾਂ ਸਮੇਤ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਜੀ।

ਇਸ ਸਾਲ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਦੁਪਹਿਰ 12:00 ਬਜੇ ਅਰੰਭ ਹੋਵੇਗਾ ਅਤੇ ਮਿਲਵੱਡਜ਼ ਰੋਡ ਸਾਉਥ ਰਾਹੀਂ ਨਗਰ ਕੀਰਤਨ ਟੀ. ਡੀ. ਬੇਕਰ ਸਕੂਲ ਦੇ ਕੋਲ ਦੇ ਖੇਡ ਮੈਦਾਨਾਂ ਵਿਚ ਪਹੁੰਚੇਗਾ ਜਿਥੇ ਵੱਡੀ ਧਾਰਮਿਕ ਸਟੇਜ ਸਜਾਈ ਜਾਵੇਗੀ। ਧਾਰਮਿਕ ਬੁਲਾਰਿਆਂ ਤੋਂ ਸਿਵਾ, ਇਥੇ ਬਾਹਰੋਂ ਆਏ ਮਹਿਮਾਨ ਆਪਣੀਆਂ ਸ਼ੁਭ ਇਛਾਵਾ ਲੈਕੇ ਪਹੁੰਚਣਗੇ। ਸਿੱਖ ਸ਼ਰਧਾਲੂਆਂ ਅਤੇ ਵਿਓਪਾਰੀ ਵੀਰਾਂ ਭੈਣਾਂ ਵਲੋਂ ਗੁਰਦੁਅਰਿਆਂ ਤੋਂ ਸਿਵਾ ਇਥੇ ਖਾਣੇ ਵਗੈਰਾ ਦੇ ਸਟਾਲ ਵੀ ਲਾਏ ਜਾਣਗੇ। ਇਥੋਂ ਚਲਕੇ ਮਿਲਵੱਡਜ਼ ਰੋਡ ਈਸਟ ਰਾਹੀਂ ਨਗਰ ਕੀਰਤਨ ਗੁਰਦੁਆਰਾ ਮਿੱਲਵੁਡਜ਼ ਪੁਜੇਗਾ ਅਤੇ ਇਥੇ ਸ਼ਾਮ 5:00 ਬਜੇ ਅਰਦਾਸ ਕਰਕੇ ਨਗਰ ਕੀਰਤਨ ਦੀ ਸਮਾਪਤੀ ਹੋਵੇਗੀ।

ਇਸ ਸਾਰੇ ਮਹਾਨ ਕਾਰਜ ਲਈ ਸਾਨੂੰ ਵਾਲੰਟੀਅਰ ਸੇਵਾਦਾਰਾਂ ਦੀ ਲੋੜ ਹੈ।ਜੋ ਵੀ ਵੀਰ ਭੈਣ ਸੇਵਾ ਵਿੱਚ ਹਿੱਸਾ ਪਾਉਣ ਲਈ ਸਮਾਂ ਕੱਢ ਸਕਦੇ ਹਨ ਉਹ ਵਿਸਾਖੀ ਨਗਰ ਕੀਰਤਨ ਕਮੇਟੀ ਜਾਂ ਗੁਰਦੁਆਰਾ ਮਿਲਵੁਡਜ਼ (780-450-3844), ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 ਜਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (780-462-7454-) ਦੇ ਪ੍ਰਬੰਧਕਾਂ ਨਾਲ ਜਾਂ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕਰਨ ਜੀ।

2023 ਨਗਰ ਕੀਰਤਨ ਦੌਰਾਨ ਖਾਣੇ ਵਗੈਰਾ ਦੇ ਬਹੁਤੇ ਸਟਾਲ ਟੀ. ਡੀ. ਬੇਕਰ ਸਕੂਲ ਦੇ ਕੋਲ ਦੇ ਖੇਡ ਮੈਦਾਨਾਂ ਵਿਚ ਲਗਣਗੇ। ਜੋ ਵੀ ਸਿੱਖ ਸ਼ਰਧਾਲੂ ਜਾਂ ਵਿਓਪਾਰੀ ਵੀਰ ਭੈਣ ਇਥੇ ਸਟਾਲ ਲਾਉਣਾ ਚਾਹੁੰਦੇ ਹਨ ਉਹ ਸ. ਕਰਨੈਲ ਸਿੰਘ ਭੰਮਰਾ ਨੂੰ 780-990-6166 ਤੇ ਫੋਨ ਕਰ ਸਕਦੇ ਹਨ। ਸਟਾਲ ਲਾਉਣ ਵਾਲੇ ਵੀਰਾਂ ਅਤੇ ਭੈਣਾਂ ਨੂੰ ਯਕੀਨੀ ਬਣਾਉਣਾ ਪਵੇਗਾ ਕਿ ਉਨਾਂ ਨੂੰ Alberta Health Services (AHS) ਅਤੇ ਹੋਰ ਸਬੰਧਤ ਮਹਿਕਮਿਆਂ ਦੇ ਨਿਯਮਾਂ ਤੇ ਸ਼ਰਤਾਂ ਬਾਰੇ ਪੂਰੀ ਜਾਣਕਾਰੀ ਹੈ ਜਿੰਨਾਂ ਮੁਤਾਬਕ ਸਟਾਲ ਲਾਏ ਜਾ ਸਕਦੇ ਹਨ। ਸਟਾਲ ਲਾਉਣ ਪਰਮਿਟ ਲੈਣ ਦੀ AHS ਨੂੰ ਅਰਜ਼ੀ ਦੇਣ ਦੀ ਆਖਰੀ ਤਾਰੀਖ ਐਤਵਾਰ, 23 ਅਪਰੈਲ, 2023 ਮਿਥੀ ਗਈ ਹੈ। ਹੋਰ ਜਾਣਕਾਰੀ ਲਈ ਸ. ਕਰਨੈਲ ਸਿੰਘ ਭੰਮਰਾ ਨੂੰ 780-990-6166 ਤੇ ਫੋਨ ਕਰੋ ਜੀ।

ਖ਼ਾਲਸੇ ਦੇ ਸਾਜਨਾ ਦਿਵਸ ਦੇ ਸਬੰਧ ਵਿੱਚ ਹੀ ਸੰਗਤਾਂ ਦੇ ਉਤਸ਼ਾਹ ਨੂੰ ਦੇਖਦੇ ਹੋਏ ਸਨਿੱਚਰਵਾਰ 8 ਅਪ੍ਰੈਲ, 2023 ਨੂੰ ਸਵੇਰ 6:00 ਬਜੇ ਗੁਰਦੁਆਰਾ ਮਿੱਲਵੁਡਜ਼ ਵਿਖੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਗਿਆ ਹੈ। ਸਿੱਖ ਨੂੰ ਜੀਵਨ ਵਿੱਚ ਅਨੁਸ਼ਾਸਨ ਲਿਆਉਣ ਲਈ, ਸ਼ਬਦ-ਨਾਮ ਦੀ ਦੀਖਿਆ ਲੈ ਕੇ ਜੀਵਨ ਯਾਤਰਾ ਸਫ਼ਲ ਕਰਨ ਲਈ, ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਣ ਲਈ, ਅਤੇ ਸੰਤ-ਸਿਪਾਹੀ ਦੇ ਆਦ੍ਰਸ਼ਿਕ ਜੀਵਨ ਵੱਲ ਤੁਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਜ਼ਰੂਰੀ ਹੈ। ਅੰਮ੍ਰਿਤ ਅਭਿਲਾਖ਼ੀਆਂ ਪਾਸ ਬੇਨਤੀ ਹੈ ਕਿ ਆਪਣੇ ਨਾਮ ਛੇਤੀ ਤੋਂ ਛੇਤੀ ਗੁਰਦੁਆਰਾ ਮਿਲਵੁਡਜ਼ (780-450-3844), ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519 ਜਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (780-462-7454) ਪਾਸ ਦੇਣ ਦੀ ਕ੍ਰਿਪਾਲਤਾ ਕਰਨੀ ਜੀ। ਲੋੜੀਂਦੇ ਕਕਾਰ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਸੰਗਤਾਂ ਦੇ ਦਾਸ

ਕਰਨੈਲ ਸਿੰਘ ਭੰਮਰਾ
ਚੇਅਰਮੈਨ, (780) 990-6166

ਗੁਰਚਰਨ ਸਿੰਘ ਸੰਘਾ
ਸਕੱਤਰ, (780) 660-9961

31 ਮਾਰਚ, 2023

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 5 ਫੁੱਟ 5 ਇੰਚ, ਲੀਗਲ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਨਹੀਂ ਕਰਨੀ ਜੀ। ਟੈਕਸਟ ਮੈਸੇਜ ਜਾਂ ਵਟਸਐਪ ਮੈਸੇਜ ਹੀ ਕੀਤਾ ਜਾਵੇ। ਸੰਪਰਕ: 403 836 4560 ***224***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 716 6319 ***224***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 38 ਸਾਲ, ਕੱਦ 5 ਫੁੱਟ 2 ਇੰਚ,ਵਿਦਿਅਕ ਯੋਗਤਾ: ਬੀ ਐਸ ਸੀ,ਬੀ ਐੱਡ,ਐਮ ਐਸ ਸੀ ਮੈਥ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਅੱਪਰ ਕਾਸਟ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਲੜਕਾ ਵਿਨੀਪੈਗ ਜਾਂ ਟਰਾਂਟੋ (ਕਨੇਡਾ ਵਿੱਚ ਹੀ) ਰਹਿੰਦਾ ਹੋਵੇ। ਸੰਪਰਕ: 1 431 278 6060 ਜਾਂ 91 842 7800142 ***224***

### ਜੀਵਨ ਸਾਥੀ ਦੀ ਲੋੜ

ਕਨੇਡੀਅਨ ਪੀ ਆਰ ਲੜਕੀ, ਉਮਰ 45 ਸਾਲ, ਨੂੰ ਜੀਵਨ ਸਾਥੀ ਦੀ ਲੋੜ ਹੈ ਜੋ ਨਸ਼ਾ ਰਹਿਤ ਅਤੇ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ 48 ਤੋਂ 52 ਸਾਲ ਦੀ ਉਮਰ ਤੱਕ ਕਨੇਡੀਅਨ ਪੀ ਆਰ ਹੀ ਹੋਵੇ। ਲੜਕੀ ਦੇ ਦੋ ਬੱਚੇ ਹਨ, ਲੜਕੇ ਦੀ ਉਮਰ 17 ਸਾਲ ਹੈ, ਇੱਕ ਲੜਕੀ ਸਾਦੀਸ਼ੁਦਾ ਹੈ,ਲੜਕੇ ਅਤੇ ਪਰਿਵਾਰ ਦੇ ਦੇਖ ਰੇਖ ਕਰਨ ਵਾਲਾ ਜੀਵਨਸਾਥੀ ਚਾਹੀਦਾ ਹੈ । ਸੰਪਰਕ : 1 825 419 2236***220***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 20 ਸਾਲ,ਕੱਦ 5 ਫੁੱਟ 11 ਇੰਚ, ਬਾਰਵੀਂ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ,ਸਟੂਡੈਂਟ,ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ। ਵਿਆਹ ਜਲਦੀ। ਸੰਪਰਕ: 1 204 295 0178 ***219***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ । ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

### ਲੜਕੀ ਦੀ ਲੋੜ

ਲੁਬਾਣਾ ਸਿੱਖ ਪਰਿਵਾਰ ਦੇ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੇ ,ਕੱਦ 5 ਫੁੱਟ 9 ਇੰਚ,ਉਮਰ 33 ਸਾਲ,ਵਿਦਿਅਕ ਯੋਗਤਾ ਪਲੱਸ 2,ਆਪਣਾ ਟਰੱਕਿੰਗ ਦਾ ਬਿਜਨਿਸ ਕਰਦੇ ਲਈ ਕਨੇਡਾ ਜਾਂ ਯੂ ਐਸ ਏ ਤੋਂ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੀ ਲੜਕੀ ਭਾਵੇਂ ਸਟੂਡੈਂਟ ਵੀਜੇ ਵਾਲੀ ਹੀ ਹੋਵੇ ਲੜਕਾ ਇੱਥੇ ਆਕੇ ਵੀ ਵਿਆਹ ਕਰਵਾ ਸਕਦਾ ਹੈ। ਸੰਪਰਕ : ਯੂ ਐਸ ਏ 0018184515927 ਜਾਂ ਈ ਮੇਲ : karmbadesha82@gmail.com ***219***

### ਲੜਕੀ ਦੀ ਲੋੜ

Khatri divorcee, issulessboy,37 Year, 5 ft 7 inch, BA, own IELTS Academy, All Family Canada Settled, early simple marriage, Cast no bar. Call: 1 431 337 3224 ***223***

### ਲੜਕੀ ਦੀ ਲੋੜ

ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇੜੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

### ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524***221***

### ਲੜਕੀ ਦੀ ਲੋੜ

ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

### ਲੜਕੇ ਦੀ ਲੋੜ

Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

### ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜ੍ਹੀਏ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ 31 ਸਾਲਾ ਪਗੜੀਧਾਰੀ ਤੇ 6 ਫੁੱਟ ਲੰਮੇ , ਚੰਡੀਗੜ੍ਹ ਵਿੱਚ ਜੰਮੇ ਪਲੇਅ ਲੜਕੇ ਲਈ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ,ਚੰਗੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਇਸ ਵੇਲੇ ਸੀ ਐਨ ਰੇਲ ਚ ਚੰਗੀ ਜੋਬ ਕਰ ਰਿਹਾ ਹੈ। ਲੜਕੀ ਮੈਨੀਟੋਬਾ ਜਾਂ ਅਲਬਰਟਾ ਤੋਂ ਜਾਂ ਉਥੇ ਤਬਦੀਲ ਹੋਣ ਲਈ ਰਾਜ਼ੀ ਹੇਵੇ। ਰਿਸ਼ਤੇ ਸਬੰਧੀ ਆਪਣਾ ਬਾਇਓਡਾਟਾ ਇਸ ਫੋਨ ਨੰਬਰ 1 587 969 6363 ਉੱਪਰ ਵਟਸਐਪ ਕਰ ਸਕਦੇ ਹੋ। ***220***

### ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ 33 ਸਾਲਾ ਸਿੱਖ ਰਾਮਗੜ੍ਹੀਆ 5'-7" ਲੰਮੀ ਚੰਡੀਗੜ ਵਿੱਚ ਜੰਮੀ-ਪਲੀ ਆਈਟੀ ਪਰੋਫੈਸ਼ਨਲ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਤੇ ਅਲਬਰਟਾ/ਮੈਨੀਟੋਬਾ ਦੇ ਆਲੇ-ਦੁਆਲੇ ਤੋ ਲ਼ੰਮੇ ਕੁੱਦ ਵਾਲੇ ਲੜਕੇ ਦੀ ਲੋੜ ਹੈ। ਪੁੱਛਗਿੱਛ ਅਤੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬਾਇਓਡਾਟਾ ਅਤੇ ਹਾਲੀਆ ਤਸਵੀਰਾਂ ਵੱਟਸ ਐਪ ਤੇ ਭੇਜ ਸਕਦੇ ਹੋ ! +1 587-969-6363 WhatsApp

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ,ਉਮਰ 40 ਸਾਲ,ਸਾਊ ਅਤੇ ਨਸ਼ਾ ਰਹਿਤ ਡਾਇਵੋਰਸ ਲੜਕੇ ਲਈ ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 697 4736 **219**

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਉੱਚੇ ਲੰਮੇ ਗੱਭਰੂ ਕੱਦ 6 ਫੁੱਟ,ਜਨਮ 1987,ਵਿਦਿਅਕ ਯੋਗਤਾ ਐਮ ਬੀ ਏ,ਹੁਣ ਆਇਲ ਐਂਡ ਗੈਸ ਦੇ ਖੇਤਰ ਵਿੱਚ ਬਿਜਨਿਸ ਅਨੈਲਸਿਸਟ ਦੀ ਨੌਕਰੀ ਕਰਦੇ ਲਈ,ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਲੜਕਾ ਚੰਡੀਗੜ੍ਹ ਦਾ ਜੰਮਪਲ ਹੈ ਅਤੇ ਚੰਗੇ ਪੜ੍ਹੇ ਲਿਖੇ ਪਰਿਵਾਰ ਦਾ ਪਿਛੋਕੜ ਖੇਤੀਬਾੜੀ ਨਾਲ ਸਬੰਧਿਤ ਹੈ। ਸੰਪਰਕ: 1 587 777 0366 ਜਾਂ ਈ ਮੇਲ: tarunsandhu7585@gmail.com***218***

### ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨ੍ਹਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

## ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

ਕਾਲ ਦਿਲਾਵਰ ਤੂਰ
403 680 0436

## Hiring

Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## Name change

I, **RAVINDER SINGH** son of **BALJIT SINGH GILL**, holder of Indian **Passport No. K5741829,** issued at VANCOUVER, on **08/06/2012**, permanent resident of **V.P.O: KOKRI KALAN, TEH & DISTT: MOGA, PUNJAB, INDIA** and presently residing at 49 **SADDLE TREE CLOSE, NE, CALGARY (AB) T3J 5H9 Canada**, do hereby change my name from **RAVINDER SINGH** to **RAVINDER SINGH GILL** , with immediate effect.
Date: 1 MAY 2023 Cont.: 403 606 7442

## Name change

I, **SUKHWINDER KAUR SAINI** mother of **GURPREET** holder of Indian Passport **#P4276844** issued at JALANDHAR, on **05/12/2016,** permanent resident of **V.P.O: DHANOA, TEH: MUKERIAN, HOSHIARPUR, PIN: 144214, PUNJAB,INDIA** and presently residing at **257 PANATELA BLVD NW CALGARY** (AB) T3K6H9 Canada do hereby change the name of my daughter from **GURPREET** to **GURPREET KAUR SAINI**, with immediate effect.
Date: 26 APRIL 2023 Contact : 1 587 973 7722

# May is Moving Month - choose your mover carefully

CALGARY (PAB) May is Moving Month at Better Business Bureau. Starting a new chapter of your life in a new home can be exciting, but moving, regardless of the reason, is one of the most stressful times in your life. Inattention and leaving the planning to the last minute can result in shortcuts and rash decisions, which can lead to a bad experience.

That's why BBB and the Canadian Association of Movers (CAM) are partnering to share important information to consumers on how to properly plan their move.

"The best advice is to book with a reputable company as soon as possible," says Mary O'Sullivan-Andersen, President and CEO for BBB Serving Southern Alberta and East Kootenay. "Moving scams were at an all-time high last year. Most Canadians move between May and August, so we want to get the word out about how consumers can hire a company with a reliable track record."

Adding, once again we are partnering with the Canadian Association of Movers to offer guidance and tips on how to hire a reliable mover who will deliver your belongings under expected conditions."

Nancy Irvine, President of CAM says the key to a less stressful move is research. "Don't assume that the lower-priced estimate is the best option. You aren't buying a pair of shoes on sale. We urge consumers to do their due diligence by researching each company they are considering. When trusting your belongings to someone, it's worth doing the background work to avoid heartache."

**BBB and CAM also encourage consumers to be cautious to avoid moving scams.**

Over the past year, we have received reports of moving frauds on our tool BBB Scam Tracker. Some consumers report paying movers three times more than what was originally agreed upon. Others have been forced to pay hundreds, even thousands of dollars more in cash because of threats by dishonest movers not to deliver the goods and furniture to their new home or to unload the contents of the truck on the side of the road. Some consumers have paid hundreds of dollars in deposits to secure their reservations, only to be left without a mover on a moving day.

The majority of consumers who have reported moving scams have unfortunately come in contact with them through online classified ads. When looking for a reputable mover, BBB, and CAM suggest that you check the company's rating on BBB.org and its status with the Canadian Association of Movers at www.mover.net. Both organizations provide reliable and relevant information on moving companies and contractors."

# ਬ੍ਰਿਟਿਸ ਕੋਲੰਬੀਆ ਸਰਕਾਰ ਨੇ ਤਾਂ ਸਰੀ ਵਿਚ ਸਰੀ ਪੁਲਿਸ ਦੇ ਹੱਕ ਵਿੱਚ ਸਿਫਾਰਸ਼ਾਂ ਕਰ ਦਿੱਤੀਆਂ ਹਨ

ਸਰੀ, (ਪੰਜਾਬੀ ਅਖਬਾਰ ਬਿਊਰੋ) ਬ੍ਰਿਟਿਸ ਕੋਲੰਬੀਆ ਦੇ ਪੰਜਾਬੀਆਂ ਦੀ ਵੱਡੀ ਵੱਸੋਂ ਵਾਲੇ ਸਹਿਰ ਸਰੀ ਵਿਚ ਆਰ ਸੀ ਐਮ ਪੀ ਜਾਂ ਮਿਊਂਸਪਲ ਪੁਲਿਸ ਦੀਆਂ ਸੇਵਾਵਾਂ ਜਾਰੀ ਰੱਖਣ ਸਬੰਧੀ ਬੀ ਸੀ ਸਰਕਾਰ ਨੇ ਅੱਜ ਮਿਊਂਸਪਲ ਪੁਲਿਸ ਟਰਾਂਜੀਸਨ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਦੀਆਂ ਸਿਫਾਰਸਾਂ ਕੀਤੀਆਂ ਹਨ ।ਪਬਲਿਕ ਸੇਫਟੀ ਮੰਤਰੀ ਅਤੇ ਅਟਾਰਨੀ ਜਨਰਲ ਮਾਈਕ ਫਾਰਨਵਰਥ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਸੂਬਾ ਸਰਕਾਰ ਸਿਟੀ ਆਫ ਸਰੀ ਨੂੰ ਸਰੀ ਪੁਲਿਸ ਸੇਵਾ ਵਿੱਚ ਆਪਣੀ ਤਬਦੀਲੀ ਜਾਰੀ ਰੱਖਣ ਦੀ ਸਿਫਾਰਸ ਕਰਦੀ ਹੈ, ਕਿਉਂਕਿ ਇਹ ਸਰੀ ਅਤੇ ਬ੍ਰਿਟਿਸ ਕੋਲੰਬੀਆ ਵਿੱਚ ਲੋਕਾਂ ਲਈ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਇਸਦੇ ਨਾਲ ਹੀ ਸਰਕਾਰ ਸਰੀ ਦੇ ਟੈਕਸ ਪੇਅਰਜ ਦੀ ਸੁਰੱਖਿਆ ਲਈ ਵਿੱਤੀ ਸਹਾਇਤਾ ਦੀ ਵੀ ਪੇਸਕਸ ਕਰਦੀ ਹੈ। ਇਹ ਸਿਫਾਰਸ ਇੱਕ ਵਿਸਥਾਰਤ ਰਿਪੋਰਟ ਤੋਂ ਬਾਅਦ ਆਈ ਹੈ ਜੋ ਸਿਟੀ ਆਫ ਸਰੀ, ਆਰ ਸੀ ਐਮ ਪੀ ਅਤੇ ਸਰੀ ਪੁਲਿਸ ਸਰਵਿਸ (ਐਸਪੀਐਸ) ਦੁਆਰਾ ਪੇਸ ਕੀਤੀਆਂ ਗਈਆਂ ਯੋਜਨਾਵਾਂ ਦੇ ਸਬੰਧ ਵਿੱਚ ਡਾਇਰੈਕਟਰ ਪੁਲਿਸ ਸੇਵਾਵਾਂ ਵਲੋਂ ਮੰਤਰੀ ਨੂੰ ਪੇਸ ਕੀਤੀ ਗਈ ਹੈ। ਅਟਾਰਨੀ ਜਨਰਲ ਮਾਈਕ ਫਾਰਨਵਰਥ ਨੇ ਇਸ ਰਿਪੋਰਟ ਨਾਲ ਸਹਿਮਤੀ ਜਤਾਈ ਹੈ ਕਿ ਬੀ.ਸੀ. ਵਿੱਚ ਜਨਤਕ ਸੁਰੱਖਿਆ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਤਰੀਕਾ, ਖਾਸ ਤੌਰ 'ਤੇ ਮੌਜੂਦਾ ਆਰ ਸੀ ਐਮ ਪੀ ਦੀਆਂ ਖਾਲੀ ਅਸਾਮੀਆਂ ਦੀਆਂ ਚੁਣੌਤੀਆਂ ਦੇ ਮੱਦੇਨਜਰ, ਸਰੀ ਦੀ ਬੇਹਤਰ ਸੁਰੱਖਿਆ ਦਾ ਹੱਲ, ਮਿਉਂਸਪਲ ਪੁਲਿਸ ਫੋਰਸ ਨਾਲ ਹੈ। ਭਾਵੇਂ ਕਿ ਬ੍ਰਿਟਿਸ ਕੋਲੰਬੀਆ ਸਰਕਾਰ ਨੇ ਤਾਂ ਸਰੀ ਵਿਚ ਸਰੀ ਪੁਲਿਸ ਦੇ ਹੱਕ ਵਿੱਚ ਸਿਫਾਰਸਾਂ ਕਰ ਦਿੱਤੀਆਂ ਹਨ ਪਰ ਸਰੀ ਦੀ ਮੇਅਰ ਬਰੈਂਡਾ ਲੋਕ ਇਸ ਨਾਲ ਸਹਿਮਤ ਨਹੀਂ ਹਨ ਉਹਨਾਂ ਆਖਿਆ ਕਿ ਉਹ ਆਪਣੀ ਕੌਂਸਲ ਦੇ ਆਰਸੀਐਮਪੀ ਦੀਆਂ ਸੇਵਾਵਾਂ ਦੇ ਫੈਸਲੇ ਨੂੰ ਨਹੀਂ ਬਦਲਣਗੇ ਉਨ੍ਹਾਂ ਆਖਿਆ ਕਿ ਮੈਂ ਨਿਰਾਸ ਹਾਂ ਸਰੀ ਦੇ ਲੋਕਾਂ ਨੂੰ ਸਾਲਿਸਿਟਰ ਜਨਰਲ ਦੀ ਸਤਰੰਜ ਦੇ ਮੋਹਰਿਆਂ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ

# BBB investigation: Unpacking timeshare and vacation club sales

CALGARY (Punjabi Akhbaar Bureau) Timeshares and vacation clubs are often synonymous with high-pressure sales. With the sun out and their guard down, vacationers can quickly find themselves on the hook for a life-long commitment. And, while they are easy to get into—these contracts are incredibly difficult to escape. An investigative study by Better Business Bureau®, Unpacking timeshare and vacation club sales, examines patterns of customer complaints, dollars spent and lost, customer reviews, related scams and more. Key findings:

· Consumers often feel misled about the amount and frequency of fees charged for timeshare maintenance.
· Timeshares are nearly impossible to sell, positioning exit companies to offer misleading guarantees with hefty fees.
· To trick buyers, scammers copy high-pressure sales tactics used by real time share sellers.
· Impostors use the address and amenities of a timeshare or vacation club, combined with the owner's personal information, to trick victims into paying bogus fees.

Statistics (reported to BBB about timeshare sales, vacation clubs, timeshare exit businesses and vacation related scams):

· Nearly 30,000 complaints with $32 million disputed
· Almost 10,000 negative reviews
· 1,160 BBB Scam Tracker reports with losses of $3.5 million BBB has monitored deception in the timeshare industry and warned consumers about timeshare exit companies for nearly half a decade. But skilled sellers continue to con buyers into unfavorable deals that often worsen when desperate investors offload purchases through the timeshare exit industry. BBB urges the timeshare-related industries to self-regulate by establishing and following ethical sales practices. Timeshare companies of all types should cease high-pressure sales tactics at pitch meetings and ease restrictions for longtime, non-delinquent customers who wish to cancel their timeshare. BBB tips for anyone considering a timeshare or exit company:· Extensively research timeshare properties, vacation clubs or exit companies and thoroughly read contracts for language about lifetime commitment, heirs' obligations, maintenance fee increases or guarantees. ·

# ਦਿੱਲੀ ਬਰੂਹਾਂ ਤੇ ਕੈਨੇਡਾ ਤੋਂ ਮੁਖ਼ਾਤਬ

## ਸੁਰਿੰਦਰ ਧੰਜਲ ਅਤੇ ਸੁਰਿੰਦਰ ਗੀਤ

ਜਗਦੇਵ ਸਿੱਧੂ
403 351 1136



ਸੰਨ 2020-21 ਦਾ ਮਹਾਨ ਭਾਰਤੀ ਕਿਸਾਨ ਅੰਦੋਲਨ ਜਿਸ ਲਾਸਾਨੀ ਅੰਦਾਜ਼ ਵਿਚ ਚਲਾਇਆ ਗਿਆ ਅਤੇ ਜਿਸ ਸ਼ਾਨ ਨਾਲ ਅਭੂਤਪੂਰਵ ਜਿੱਤ ਹਾਸਲ ਹੋਈ, ਉਹ ਪੂਰੇ ਵਿਸ਼ਵ ਵਿਚ ਕੀਤੇ ਜਾਣ ਵਾਲੇ ਸੰਘਰਸ਼ਾਂ ਲਈ ਰਾਹ-ਦਿਸੇਰਾ, ਚਾਨਣ-ਮੁਨਾਰਾ ਅਤੇ ਮਿਸਾਲ ਬਣ ਕੇ ਇਤਿਹਾਸ ਵਿਚ ਦਰਜ ਹੋ ਗਿਆ। ਤੇ ਨਾਲ ਹੀ ਇਸ ਇਤਿਹਾਸ ਵਿਚ ਸ਼ਾਮਲ ਹੋ ਗਏ ਉਹ ਨਿੱਕੇ-ਮੋਟੇ ਜਾਂ ਛੋਟੇ-ਵੱਡੇ ਜਤਨ ਜੋ ਕਿਸੇ ਕਲਾ ਜਾਂ ਸਾਧਨ ਰਾਹੀਂ ਇਸ ਨਾਲ ਜੁੜ ਗਏ ਜਾਂ ਇਹ ਕਹਿ ਲਈਏ ਕਿ ਇਸ ਜੱਗ ਵਿਚ ਕਿਸੇ ਨਾ ਕਿਸੇ ਤਰ੍ਹਾਂ ਆਪਣੀ ਆਹੂਤੀ ਪਾ ਗਏ। ਦੇਸ਼ਾਂ-ਵਿਦੇਸ਼ਾਂ ਤੋਂ ਅਨੇਕਾਂ ਲੋਕਾਂ, ਜਥੇਬੰਦੀਆਂ ਅਤੇ ਵੱਖੋ ਵੱਖਰੇ ਖੇਤਰਾਂ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸਮਰੱਥਾ ਮੁਤਾਬਕ ਇਸ ਅੰਦੋਲਨ ਨੂੰ ਸਮਰਥਨ ਦਿੱਤਾ, ਸਹਾਇਤਾ ਦਿੱਤੀ ਅਤੇ ਯੋਗਦਾਨ ਪਾਇਆ। ਕੈਨੇਡਾ ਵਸਦੇ ਖਾਸ ਕਰ ਕੇ ਪੰਜਾਬੀ ਭਾਈਚਾਰੇ ਨੇ ਵਿਤ-ਮੁਜਬ ਵਧ ਚੜ੍ਹ ਕੇ ਯੋਗਦਾਨ ਪਾਇਆ। ਇੱਥੇ ਜ਼ਿਕਰਯੋਗ ਹਨ ਦੋ ਮੰਨੇ-ਪ੍ਰਮੰਨੇ ਹਸਤਾਖਰ ਜੋ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਰਖਦੇ ਹਨ, ਜਿੰਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਇਸ ਅੰਦੋਲਨ ਦੀ ਧੂਣੀ ਵਿਚ ਆਪਣੀਆਂ ਰਚਨਾਵਾਂ \ ਕਵਿਤਾਵਾਂ ਦੇ ਤਿਲ-ਫੁੱਲ ਪਾ ਕੇ ਇਸ ਦੀ ਅਗਨੀ ਦੀ ਲਾਟ ਨੂੰ ਪ੍ਰਚੰਡ ਕਰਨ ਵਿਚ ਹਿੱਸਾ ਪਾਇਆ। ਇਹ ਹਨ ਡਾ. ਸੁਰਿੰਦਰ ਧੰਜਲ ਅਤੇ ਸੁਰਿੰਦਰ ਗੀਤ। ਸੁਰਿੰਦਰ ਧੰਜਲ ਦੀ ਕਾਵਿ-ਪੁਸਤਕ `ਦੀਵੇ ਜਗਦੇ ਰਹਿਣਗੇ` ਅਤੇ ਸੁਰਿੰਦਰ ਗੀਤ ਦੇ ਕਾਵਿ-ਸੰਗ੍ਰਹਿ `ਖੇਤਾਂ ਦਾ ਸਫ਼ਰ` ਨੇ ਇਸ ਅੰਦੋਲਨ ਦੇ ਇਤਿਹਾਸ ਵਿਚ ਆਪਣੀ ਅਮਿੱਟ ਛਾਪ ਛੱਡ ਦਿੱਤੀ। ਸਪਸ਼ਟ ਕਰ ਦਿਆਂ ਕਿ ਇਹ ਲਿਖਤ ਕਿਸੇ ਤਰ੍ਹਾਂ ਵੀ ਇਨ੍ਹਾਂ ਕਿਤਾਬਾਂ ਜਾਂ ਕਵੀਆਂ ਦਾ ਸਾਹਿਤਕ ਜਾਂ ਕਾਵਿਕ ਮੁੱਲਾਂਕਣ ਨਹੀਂ ਹੈ, ਇਹ ਤਾਂ ਸਗੋਂ ਇਨ੍ਹਾਂ ਨੂੰ ਕਿਸਾਨ ਅੰਦੋਲਨ ਦੇ ਪਰਿਪੇਖ ਵਿਚ ਸਮਝਣ ਦਾ ਨਿੱਕਾ ਜਿਹਾ ਜਤਨ ਹੈ।




ਸੁਰਿੰਦਰ ਧੰਜਲ ਪੰਜਾਬ ਵਿਚ ਪਿਛਲੀ ਸਦੀ ਦੇ ਸੱਤਵੇਂ-ਅੱਠਵੇਂ ਦਹਾਕਿਆਂ ਅੰਦਰ ਚੱਲੀ ਨੌਜਵਾਨਾਂ ਦੀ ਇਨਕਲਾਬੀ ਲਹਿਰ ਤੋਂ ਪ੍ਰਭਾਵਿਤ ਸ਼ਾਇਰ ਹੈ। ਉਸ ਅੰਦਰ ਛੋਟੀ ਉਮਰ ਤੋਂ ਹੀ ਸਾਹਿਤਕ ਪ੍ਰਤਿਭਾ ਸੀ। ਇਸ ਲਹਿਰ ਨੇ ਉਸ ਦੀ ਸਿਰਜਣ- ਪ੍ਰਕਿਰਿਆ ਦਾ ਰੁੱਖ ਉਸਾਰੂ, ਅਗਾਂਹਵਧੂ, ਪ੍ਰਗਤੀਸ਼ੀਲ ਅਤੇ ਕ੍ਰਾਂਤੀਕਾਰੀ ਸਾਹਿਤ ਰਚਨਾ ਵੱਲ ਕਰ ਦਿੱਤਾ। ਉਸ ਦੀ ਸਿਰਜਣਾਤਮਕ ਊਰਜਾ ਬੇ-ਇਨਸਾਫੀ, ਲੁੱਟ-ਖਸੁੱਟ ਅਤੇ ਨਾ-ਬਰਾਬਰੀ ਤੋਂ ਨਾਬਰ ਹੋ ਕੇ ਲਟ-ਲਟ ਜਗ ਉੱਠੀ। ਅਵਤਾਰ ਪਾਸ਼, ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਵਰਗੇ ਇਨਕਲਾਬੀ ਤੇ ਜੁਝਾਰੂ ਸ਼ਾਇਰਾਂ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਤੋਰਨ ਦੀ ਚੇਟਕ ਲੱਗ ਗਈ। ਅਸਲ ਵਿਚ ਤਾਂ ਸੁਰਿੰਦਰ ਉਨ੍ਹਾਂ ਦਾ ਸਮਕਾਲੀ ਤੇ ਸਾਥੀ ਵੀ ਹੈ।

ਕਿਸਾਨ ਅੰਦੋਲਨ ਸਮੇਂ ਸੁਰਿੰਦਰ ਦਾ ਚੇਤੰਨ, ਜੁਝਾਰੂ, ਬੇ-ਬਾਕ ਕਵੀ-ਮਨ ਹੋਰ ਵੀ ਜਾਗਰੂਕ ਹੋ ਉੱਠਿਆ। ਉਸ ਨੇ ਆਪਣੀ ਸਿਰਜਣਾ-ਸ਼ਕਤੀ ਰਾਹੀਂ ਆਪਣੀ ਸੱਜਰੀ ਪੁਸਤਕ `ਦੀਵੇ ਜਗਦੇ ਰਹਿਣਗੇ` ਇਸ ਅੰਦੋਲਨ ਦੇ ਲੇਖੇ ਲਾ ਦਿੱਤੀ। ਇਸ ਪੁਸਤਕ ਵਿਚ ਅੰਦੋਲਨਕਾਰੀ ਅਤੇ ਤਿੱਖੀ ਇਨਕਲਾਬੀ ਸੁਰ ਦੀਆਂ ਸੋਲ੍ਹਾਂ ਕਵਿਤਾਵਾਂ ਅਤੇ ਨੌਂ ਬੋਲੀਆਂ ਸ਼ਾਮਲ ਹਨ। ਇਸ ਤੋਂ ਇਲਾਵਾ ਇਸ ਅੰਦੋਲਨ ਦੇ ਹੱਕ ਵਿਚ ਪਾਏ ਅਨੇਕਾਂ ਮਤੇ ਅਤੇ ਇਨ੍ਹਾਂ ਮਤਿਆਂ ਦੇ ਸੂਤਰਧਾਰ ਹਿੰਦ-ਕੈਨੇਡਾ ਜਥੇਬੰਦੀਆਂ ਤੇ ਸੰਸਥਾਵਾਂ ਦੇ ਢੁਕਵੇਂ ਵੇਰਵੇ ਅੱਠ ਅੰਤਿਕਤਾਵਾਂ ਵਜੋਂ ਦਰਜ ਕੀਤੇ ਹਨ। ਅਰੰਭ ਵਿਚ , ਜਿੰਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਕਾਲੇ ਕਾਨੂੰਨ ਗਰਦਾਨ ਕੇ ਅੰਦੋਲਨ ਛੇੜਿਆ ਗਿਆ, ਉਨ੍ਹਾਂ ਬਾਰੇ ਸੰਖੇਪ ਪਰ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ। ਇਹ ਪੁਸਤਕ ਇਸ ਅੰਦੋਲਨ ਦੇ ਘੁਲਾਟੀਆਂ ਅਤੇ ਸ਼ਹੀਦਾਂ ਨੂੰ ਸਮਰਪਿਤ ਹੈ। ਅੰਤਿਕਾ-7 ਵਿਚ ਇਸ ਸੰਬੰਧੀ ਵੱਖੋ-ਵੱਖ ਮੀਡੀਆ-ਸਰੋਤਾਂ ਦਾ ਵੇਰਵਾ ਹੈ ਅਤੇ ਅੰਤਿਕਾ-8 ਵਿਚ `ਕਿਸਾਨ ਅੰਦੋਲਨ ਕੇ 378 ਦਿਨੋ ਮੇਂ 714 ਲੋਗੋਂ ਨੇ ਜਾਨ ਗੰਵਾਈ` ਦੈਨਿਕ ਭਾਸਕਰ ਵਿਚ ਛਪੀ ਇਸ ਚਿਤ੍ਰਿਤ ਪ੍ਰਸਤੁਤੀ ਦੀ ਨਕਲ ਛਾਪੀ ਗਈ ਹੈ।

ਕੈਨੇਡਾ ਦੇ ਕਾਮਲੂਪਸ ਸ਼ਹਿਰ ਵਿਚ ਬੈਠੇ ਸੁਰਿੰਦਰ ਨੇ ਆਪਣੀ ਸੁਰਤੀ ਦਿੱਲੀ ਬਾਡਰਾਂ ਤੇ ਟਿਕਾਈ ਰੱਖੀ। ਉਸ ਤੋਂ ਰਿਹਾ ਨਾ ਗਿਆ ਅਤੇ ਜੱਦੀ ਪਿੰਡ `ਚੱਕ ਭਾਈ ਕਾ` (ਜ਼ਿਲਾ ਲੁਧਿਆਣਾ) ਦੇ ਖੇਤਾਂ ਦੀ ਵੱਟ ਤੇ ਬੈਠ ਕੇ ਵੀ ਕਾਵਿ-ਰਚਨਾ ਕਰ ਕੇ ਇਸ ਜੱਗ ਵਿਚ ਸ਼ਾਮਲ ਹੁੰਦਾ ਰਿਹਾ। ਉਸ ਪਾਸ ਇਸ ਸ਼ਾਂਤਮਈ ਅੰਦੋਲਨ ਵਿਚ ਲੜਨ ਖਾਤਰ ਸ਼ਬਦਾਂ ਦਾ ਹਥਿਆਰ ਸੀ, ਸੋ ਵਰਤ ਲਿਆ - ਸ਼ਬਦ,ਕਵਿਤਾ, ਜ਼ਿੰਦਗੀ ਦੇ ਮੇਲੇ ਲਗਦੇ ਰਹਿਣਗੇ

ਕੱਲ੍ਹ ਸੀ ਜੋ ਤੂੰ ਜਗਾਏ ਦੀਵੇ ਜਗਦੇ ਰਹਿਣਗੇ। (ਦੀਵੇ ਜਗਦੇ ਰਹਿਣਗੇ)

- ਕਿਰਤੀ ਅਤੇ ਕਿਸਾਨਾਂ ਅੱਗੇ, ਝੁਕਣ ਤਖ਼ਤ ਤੇ ਤਖ਼ਤਾ

ਵਿਚ ਇਤਿਹਾਸਾਂ ਦਰਜ ਕਰਨਗੇ, ਕਲਮ-ਦਵਾਤ ਤਮਾਮ। (ਨਿੱਡਰ ਅੱਖਾਂ)

ਸਮੇਂ ਦੇ ਚਾਤਰ ਹੁਕਮਰਾਨ ਦੇ ਕਿਰਦਾਰ ਅਤੇ ਰਵੱਈਏ ਬਾਰੇ ਇਉਂ ਦੱਸਿਆ ਹੈ -

- ਵਿੰਗੀ ਟੇਢੀ ਕੈਸੀ `ਮਨ ਕੀ ਬਾਤ` ਕਰੇਂ
ਸੱਚੇ ਸੁੱਚੇ ਖੇਤਾਂ ਨੂੰ ਭਰਮਾਣ ਲਈ।

ਖੇਤਾਂ ਦੇ ਪੁੱਤ ਨਾਂ ਦੀ ਇਸੇ ਕਵਿਤਾ ਵਿਚ ਅੰਦੋਲਨ ਦੇ ਮਾਹੌਲ ਅਤੇ ਸ਼ਾਂਤਮਈ ਖਾਸੇ ਨੂੰ ਇਉਂ ਬਿਆਨਿਆ ਹੈ -

ਜ਼ੁਲਮ ਦੀਆਂ ਬਰਸਾਤਾਂ ਦੇ ਨਾਲ ਜੂਝਣ ਲਈ
ਜੋਸ਼ ਹੋਸ਼ ਦੀ ਛਤਰੀ ਸਿਰ `ਤੇ ਤਾਣ ਲਈ।

ਨਸ਼ਾ ਸਿਰਲੇਖ ਹੇਠ ਸਰਮਾਏਦਾਰੀ ਅਤੇ ਕਿਰਤੀ-ਕਿਰਸਾਣੀ ਦਰਮਿਆਨ ਟੱਕਰ ਦਾ ਨਕਸ਼ਾ ਖਿਚਦਾ ਗੀਤ ਹੈ - ਖੇਤਾਂ ਦੇ ਪੁੱਤ ਪਏ ਲੜਦੇ, ਪੈਸੇ ਦੇ ਪੁੱਤਾਂ ਨਾਲ। ਕਿਸਾਨ ਆਗੂ ਰਾਕੇਸ਼ ਟਿਕੈਤ ਦੀਆਂ ਅੱਖਾਂ ਵਿਚ ਆਏ ਰੋਹ ਦੇ ਹੰਝੂਆਂ ਨੂੰ ਸਿਰੜ ਦਾ ਇਤਿਹਾਸ ਦੱਸਿਆ ਹੈ। ਅੰਦੋਲਨ ਵਿਚ ਔਰਤਾਂ ਦੀ ਮਿਸਾਲੀ ਸ਼ਮੂਲੀਅਤ ਨੂੰ ਚੰਡੀ ਦੀ ਵਾਰ ਕਹਿ ਕੇ ਵਡਿਆਇਆ ਹੈ। ਘਬਰਾਈ ਹੋਈ ਲੋਕ-ਵਿਰੋਧੀ ਸਰਕਾਰ ਨੇ ਦਿੱਲੀ ਦੇ ਰਸਤੇ ਕਿੱਲ ਪੱਥਰ ਲਾ ਕੇ ਕਿਵੇਂ ਬੰਦ ਕੀਤੇ - ਸੜਕਾਂ ਤੇ ਕੇਰ ਰਹੇ ਨੇ ਕਿੱਲਾਂ ਦੇ ਬੀਜ। (ਹੁਕਮਰਾਨ) ਅੰਦੋਲਨ ਵਿਚ ਸਾਰੇ ਧਰਮਾਂ ਦੇ ਲੋਕਾਂ ਦੀ ਸ਼ਮੂਲੀਅਤ ਨੂੰ ਮੈਟਾਫਰ ਵਰਤ ਕੇ ਉਜਾਗਰ ਕੀਤਾ ਹੈ -

ਇੱਕੋ ਖੇਤ`ਚ ਉੱਗਣਗੇ.
ਵਿਸਾਖੀ, ਦੀਵਾਲੀ, ਈਦ
ਇੱਕੋ ਖੇਤ`ਚ ਪ੍ਰਕਾਸ਼ਣਗੇ.
ਗੀਤਾ, ਗ੍ਰੰਥ, ਕੁਰਾਨ
(ਉਮੀਦ)

ਇਸ ਅੰਦੋਲਨ ਨੂੰ ਇੱਕ ਇੱਕ ਦਿਨ ਕਰ ਕੇ ਜਿਸ ਕਮਾਲ ਦੇ ਠਰ੍ਹੰਮੇ, ਸਬਰ, ਸਿਰੜ ਤੇ ਸੁਚੱਜੀ ਵਿਉਂਤਬੰਦੀ ਨਾਲ ਚਲਾਇਆ ਗਿਆ ਉਸ ਨੂੰ ਕਵੀ ਦੀ ਪਾਰਖੂ ਨਜ਼ਰ ਨੇ ਨਿਹਾਰਿਆ - ਸਾਨੂੰ ਦਿਨ ਤੇ ਮਹੀਨੇ ਪੁੱਛਦੇ, \ ਕਦੋਂ ਅਸੀਂ ਸਾਲ ਬਣ ਗਏ ? \ ਅਸੀਂ ਝੂਠ ਦੇ ਦਰਾਂ ਤੇ ਖੜ੍ਹ ਕੇ, \ ਸੱਚ ਦਾ ਸਵਾਲ ਬਣ ਗਏ। (ਸਾਰਾ ਇਤਿਹਾਸ ਲੜੂਗਾ) ਅਖੀਰ ਵਿਚ ਬੋਲੀਆਂ ਰਾਹੀਂ ਪੂੰਜੀਵਾਦੀ ਵਰਤਾਰੇ, ਸਰਕਾਰੀ ਮੱਕਾਰੀਆਂ, ਅੰਦੋਲਨਕਾਰੀਆਂ ਦੀ ਚੜ੍ਹਤ, ਇਨਕਲਾਬੀ ਰਵਾਇਤਾਂ ਅਤੇ ਅੰਦੋਲਨ ਦੀ ਸਮੁੱਚੀ ਰੂਹ ਬਾਰੇ ਬਹੁਤ ਕਲਾਮਈ ਤਰੀਕੇ ਰਾਹੀਂ ਲੋਕ-ਧਾਰਾ ਨੂੰ ਨਵੇਂ ਰੂਪ ਵਿਚ ਸਿਰਜਿਆ ਗਿਆ ਹੈ। ਅੰਦੋਲਨ ਵਿਚ ਸ਼ਹੀਦਾਂ ਅਤੇ ਇਨਕਲਾਬੀ ਕਵੀਆਂ ਦੇ ਹੋਏ ਭਰਵੇਂ ਜ਼ਿਕਰ ਨੂੰ ਵੀ ਅਣਗੌਲਿਆਂ ਨਹੀਂ ਕੀਤਾ - ਵਿਚ ਮੋਰਚੇ ਗੂੰਜਣ ਲੱਗੇ, \ ਦਿਲ, ਉਦਾਸੀ, ਪਾਸ਼ \ ਦੁਨੀਆਂ ਯਾਦ ਕਰੂ ਖੇਤਾਂ ਦਾ ਇਤਿਹਾਸ... (ਬੋਲੀਆਂ)

ਸੁਰਿੰਦਰ ਗੀਤ - ਖੇਤਾਂ ਦਾ ਸਫ਼ਰ –

ਕੈਨੇਡਾ ਦੇ ਮਹਾਂ ਨਗਰ ਕੈਲਗਰੀ ਦੀ ਸਾਹਿਤਕਾਰਾ ਸੁਰਿੰਦਰ ਗੀਤ ਇੱਕੋ ਇੱਕ ਕਵੀ (ਸਾਰੇ ਔਰਤ-ਮਰਦ ਸ਼ਾਇਰਾਂ ਲਈ ਵਰਤਿਆ ਜਾ ਰਿਹਾ) ਹੈ, ਜਿਸ ਦੇ ਨਿਰੋਲ ਕਿਸਾਨੀ ਬਾਰੇ ਕਾਵਿ-ਸੰਗ੍ਰਹਿ `ਖੇਤਾਂ ਦਾ ਸਫ਼ਰ` ਨੂੰ ਇਸ ਅੰਦੋਲਨ ਦੌਰਾਨ ਸਿੰਘੂ ਬਾਡਰ ਅਤੇ ਟਿੱਕਰੀ ਬਾਡਰ ਦੇ ਦੋਵਾਂ ਮੋਰਚਿਆਂ `ਤੇ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਸਰਬ ਹਿੰਦ ਲੇਖਕ ਸੰਘ ਵੱਲੋਂ ਰਿਲੀਜ਼ ਕੀਤਾ ਗਿਆ ਅਤੇ ਵੱਡੀ ਗਿਣਤੀ ਵਿਚ ਵੰਡਿਆ ਗਿਆ। ਸੁਰਿੰਦਰ ਗੀਤ ਕੈਨੇਡਾ ਰਹਿੰਦਿਆਂ ਵੀ ਕਿਸਾਨੀ, ਫਸਲਾਂ ਅਤੇ ਖੇਤਾਂ ਦੇ ਤਾਣੇਬਾਣੇ, ਜੁਗਰਾਫ਼ੀਏ, ਸੁਭਾਅ ਅਤੇ ਭਖਦੇ ਮਸਲਿਆਂ ਤੋਂ ਪੂਰੀ ਤਰ੍ਹਾਂ ਚੇਤੰਨ, ਖ਼ਬਰਦਾਰ ਅਤੇ ਵਾਕਿਫ਼ ਹੈ। ਇਸ ਕਾਵਿ-ਸੰਗ੍ਰਹਿ ਵਿਚ 42 ਕਵਿਤਾਵਾਂ ਹਨ। ਸਮਰਪਣ ਇੰਞ ਹੈ -ਖੇਤਾਂ ਦੇ ਗੌਰਵ ਲਈ ਭਾਰਤ ਵਿਚ ਚਲ ਰਹੇ ਕਿਰਤੀ-ਕਿਸਾਨ ਸੰਘਰਸ਼ ਦੇ ਨਾਂ..। ਸੁਰਿੰਦਰ ਗੀਤ ਵੀ ਇਸ ਯੱਗ ਦੀ ਧੂਣੀ ਵਿਚ ਗੀਤਾਂ ਕਵਿਤਾਵਾਂ ਦੇ ਤਿਲਾਂ ਦੀ ਇਹ ਕਹਿ ਕੇ ਆਹੂਤੀ ਪਾ ਰਹੀ ਹੈ -




- ਆਪਾਂ ਕੋਈ ਸ਼ਾਇਰ ਸਦਾਈਏ
ਮਨੁੱਖਤਾ ਦੇ ਦਰਦਾਂ ਨੂੰ ਜਿਹੜਾ
ਆਪਣੇ ਸੀਨੇ ਦੇ ਵਿਚ ਪਾਲੇ
ਕਿਰਤੀ ਕਾਮੇ ਨੂੰ ਸੁਣਾਵੇ ....
ਹੱਕ ਸੱਚ ਦੀ ਪਹਿਚਾਣ ਕਰਾਵੇ
ਖੇਤਾਂ ਦੇ ਵਿਚ ਬੀਜ ਕੇ ਕਵਿਤਾ ਇਨਕਲਾਬ ਦੀ ਫ਼ਸਲ ਉਗਾਵੇ। (ਸਾਡੀਆਂ ਰੁੱਤਾਂ)

ਡਾ. ਮੋਹਨ ਸਿੰਘ ਤਿਆਗੀ ਦਾ ਨਿਰਣਾ ਹੈ, ` ਇਹ ਕਵਿਤਾਵਾਂ ਕਿਸਾਨ ਸੰਘਰਸ਼ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੇ ਵੱਖ ਵੱਖ ਪੜਾਵਾਂ ਨੂੰ ਆਪਣੀ ਗਹਿਰੀ ਕਾਵਿ-ਸੰਵੇਦਨਾ ਵਿਚ ਸਮੇਟਦੀਆਂ ਹੋਈਆਂ ਪੰਜਾਬ ਦੀ ਮਿੱਟੀ ਦੇ ਤੌਖਲਿਆਂ, ਝੋਰਿਆਂ ਅਤੇ ਵੰਗਾਰਾਂ ਨੂੰ ਇਕ ਗਤੀਸ਼ੀਲ ਮੁਹਾਵਰੇ ਵਿਚ ਬਿਆਨ ਕਰਦੀਆਂ ਹਨ ... ਇਹ ਕਵਿਤਾ ਕਿਸਾਨ ਮੋਰਚੇ ਦੇ ਇਤਿਹਾਸਕ ਕਾਲ-ਖੰਡ ਨੂੰ ਆਪਣੀ ਅਨੂਠੀ ਕਾਵਿ-ਚੇਤਨਾ ਵਿਚ ਬੰਨ੍ਹਣ ਦਾ ਮੋਹਰੀ ਰੋਲ ਅਦਾ ਕਰਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਪੰਜਾਬ ਦੇ ਕਿਰਤੀ- ਕਿਸਾਨ ਲੋਕਾਂ ਦੇ ਮੁੜ੍ਹਕੇ ਅਤੇ ਲਹੂ ਦੀ ਜੀਵੰਤ ਇਬਾਰਤ ਉੱਕਰੀ ਹੋਈ ਹੈ...।` ਸੁਰਿੰਦਰ ਗੀਤ ਦਾ ਕਵੀ ਮਨ ਆਪਣੇ ਖੇਤਾਂ ਤੋਂ ਕਦੇ ਦੂਰ ਨਹੀਂ ਹੋਇਆ ਕਿਉਂ ਕਿ - ਸਾਡੀਆਂ ਰੂਹਾਂ ਦੀਆਂ ਜੜ੍ਹਾਂ \ ਸਾਡੀ ਮਿੱਟੀ ਵਿਚ ਹਨ।- (ਅਸੀਂ) । - ਤੇ ਮੈਂ \ ਉਸ ਦੀ ਜਿੱਤ ਲਈ \ ਦਿਨ ਰਾਤ ਅਰਦਾਸ ਕਰਦੀ ਹਾਂ। - (ਕਣਕ)। - ਤੇ ਇਹ ਕਵਿਤਾ \ ਹੁਣ ਦਿੱਲੀ ਦੀਆਂ \ ਬਰੂਹਾਂ `ਤੇ ਜਾ ਬੈਠੀ ਹੈ।- (ਦਿੱਲੀ ਦੀਆਂ ਬਰੂਹਾਂ ਤੇ)। ਕਿਸਾਨ ਦੀ ਧੀ ਹੋਣ ਕਰ ਕੇ ਉਹ ਅੰਦੋਲਨ ਵਿਚ ਸ਼ਾਮਲ ਹੋਣਾ ਚਾਹੁੰਦੀ ਹੈ - ਬਾਪੂ \ ਮੈਂ ਵੀ ਤੇਰੇ ਨਾਲ ਜਾਵਾਂਗੀ।-(ਇਸ ਵਾਰ)। ਉਹ ਅੰਦੋਲਨ ਦਾ ਨਜ਼ਾਰਾ ਦਿੱਲੀ ਦੀਆਂ ਬਰੂਹਾਂ `ਤੇ ਟ੍ਰੈਕਟਰ-ਟਰਾਲੀਆਂ, ਸੰਘਰਸ਼ੀ ਕਿਸਾਨ, ਮਜ਼ਦੂਰ, ਕਾਫ਼ਲੇ, ਇਨਕਲਾਬ ਦੇ ਨਾਅਰੇ ਆਪਣੀ ਰੂਹ ਦੀਆਂ ਅੱਖਾਂ ਨਾਲ ਵੇਖਦੀ ਹੈ। ਉਥੇ ਹਾਕਮਾਂ ਦੁਆਰਾ ਲਾਈਆਂ ਰੋਕਾਂ ਦਾ ਇਉਂ ਮਖੌਲ ਉਡਾਇਆ ਹੈ - ਤਾਰ ਕੰਡਿਆਲੀ ਤੇ ਭਾਵੇਂ ਕਿੱਲ ਤਿੱਖੇ ਹੋਰ ਕਰ, \ ਰੋਕ ਨੀ ਸਕਦੇ ਇਹ ਜਾਂਦਾ ਸੱਚ ਵੱਲ ਨੂੰ ਜਾਂਦਾ ਰਾਸਤਾ। - (ਮੇਰਾ ਸ਼ਹਿਰ)। ਅਸਲ ਵਿਚ ਐਨਾ ਸ਼ਕਤੀਸ਼ਾਲੀ ਅੰਦੋਲਨ ਖੜ੍ਹਾ ਕਰਨ ਦੇ ਪਿੱਛੇ ਲੋਕਾਂ ਅੰਦਰ ਉਸ ਜਾਗਰੂਕਤਾ ਦਾ ਆਉਣਾ ਹੈ ਜਿਸ ਦੁਆਰਾ ਉਹ ਸਰਕਾਰ ਅਤੇ ਸਰਮਾਏਦਾਰੀ ਢਾਂਚੇ ਦੇ ਕਰੂਰ, ਗੁੱਝੇ ਇਰਾਦਿਆਂ ਨੂੰ ਭਲੀ ਭਾਂਤ ਸਮਝ ਅਤੇ ਭਾਂਪ ਗਏ ਸਨ - ਸਮਝ ਆਈ ਸਾਨੂੰ \ ਇਸ ਘੇਰੇ ਦੀ \ ਜਦ ਸਰਮਾਏ \ ਸਾਡੀ ਵੱਟ ਤੇ ਪੈਰ ਟਿਕਾਇਆ। - (ਘੇਰਾ)।

- ਪੌਣਾਂ ਦੇ ਗਲ ਲੱਗ ਕੇ ਸਾਡੇ ਖੇਤ ਸਰ੍ਹੋਂ ਦੇ ਰੋਏ
ਮਹਿਕ ਫੁੱਲਾਂ ਦੀ ਲੁੱਟ ਕੇ ਲੈ ਗਈ ਸ਼ਾਹੂਕਾਰਾ ਢਾਣੀ। (ਕਿੱਥੋਂ ਤੁਰ ਕੇ)

ਸੰਘਰਸ਼ ਦੇ ਰਾਹ ਪਏ ਲੋਕ ਦ੍ਰਿੜ੍ਹ ਇਰਾਦੇ, ਪੂਰਨ ਭਰੋਸੇ ਅਤੇ ਸਰਫ਼ਰੋਸ਼ੀ ਦੀ ਭਾਵਨਾ ਨਾਲ ਹੁਕਮਰਾਨ ਦੀ ਧੌਂਸ ਮੰਨਣ ਤੋਂ ਇਨਕਾਰੀ ਹੋ ਜਾਂਦੇ ਹਨ - ਸਿਆਸਤ ਦੇ ਡਰਾਵੇ ਹੁਣ ਇਰਾਦੇ ਬਦਲ ਨਹੀਂ ਸਕਦੇ \ ਜਿੰਨ੍ਹਾਂ ਨੇ ਸੱਚ ਲਈ ਮਰਨਾ ਤੇ ਹੱਕ ਲਈ ਜੂਝਣਾ ਸਿੱਖਿਆ। (ਹਵਾ ਨਾਲ ਗੱਲ)। ਅੰਦੋਲਨ ਦੀ ਰੂਪ-ਰੇਖਾ ਅਤੇ ਇਸ ਦੇ ਪ੍ਰਭਾਵ ਬਾਰੇ ਗਣਤੰਤਰ ਦਿਵਸ ਦਾ ਨਕਸ਼ਾ ਖਿਚਦਿਆਂ ਬਹੁਤ ਵੱਡੇ ਸਰੋਕਾਰ ਨੂੰ ਥੋੜ੍ਹੇ ਸ਼ਬਦਾਂ ਵਿਚ ਸਮੇਟ ਲਿਆ ਹੈ - ਕਿਸਾਨ ਦਾ ਇੱਕ ਪੁੱਤ \ ਸੈਨਿਕ \ ਜਨ-ਪੱਥ `ਤੇ \ ਕਿਸਾਨ ਦਾ ਦੂਸਰਾ ਪੁੱਤ \ ਟਰੈਕਟਰ \ ਦਿੱਲੀ ਦੀਆਂ ਸੜਕਾਂ ਤੇ \ ਪਰੇਡ ਕਰ ਰਿਹਾ ਹੈ \ ਇਹ ਇਤਿਹਾਸ ਤੇ ਗਣਤੰਤਰ ਦੀ \ ਨਵੀਂ ਇਬਾਰਤ ਹੈ। (ਨਵੀਂ ਇਬਾਰਤ)। ਚਲਦੇ ਅੰਦੋਲਨ ਵਿਚ ਇੱਕ ਫੈਸਲਾਕੁਨ ਮੋੜ ਉਦੋਂ ਆਇਆ ਜਦੋਂ ਗਣਤੰਤਰ ਦਿਵਸ ਵੇਲੇ ਸਰਕਾਰ ਦੁਆਰਾ ਅੰਦੋਲਨ ਨੂੰ ਕੁਚਲਣ ਦੀਆਂ ਕੋਝੀਆਂ ਵਿਉਂਤਾਂ ਦੇ ਫਲ ਸਰੂਪ ਅੰਦੋਲਨਕਾਰੀਆਂ ਉਪਰ ਕੇਸ ਮੜ੍ਹ ਧਰੇ, ਫੜੋਫੜੀ ਸ਼ੁਰੂ ਹੋਈ ਤੇ ਲਗਦਾ ਸੀ ਸੰਘਰਸ਼ੀ ਖਿੰਡ ਜਾਣਗੇ,ਪਰ ਐਨ ਉਸ ਸਮੇਂ ਕਿਸਾਨ ਆਗੂ ਰਾਕੇਸ਼ ਟਿਕੈਤ ਦੀਆਂ ਅੱਖਾਂ ਵਿਚ ਆਏ ਰੋਹ ਦੇ ਅੱਥਰੂਆਂ ਨੇ ਅੰਦੋਲਨ ਵਿਚ ਨਵੀਂ ਰੂਹ ਫੂਕ ਦਿੱਤੀ। ਇਸ ਅਦਭੁਤ ਅਲੌਕਿਕ ਦ੍ਰਿਸ਼ ਨੂੰ ਸੁਰਿੰਦਰ ਗੀਤ ਨੇ ਜੋ ਸ਼ਬਦ ਦਿੱਤੇ ਹਨ, ਉਹ ਹੁਨਰ ਦਾ ਸਿਖਰ ਹਨ - ਲਹੂ ਇਤਿਹਾਸ ਬਣਦਾ ਤਾਂ ਅਨੇਕਾਂ ਵਾਰ ਮੈਂ ਤੱਕਿਆ,

ਬਣੇ ਇਤਿਹਾਸ ਇੱਕ ਹੰਝੂ, ਇਹ ਪਹਿਲੀ ਵਾਰ ਮੈਂ ਵੇਖਾਂ। (ਮੈਂ ਤੇਰੇ ਜੋਸ਼ ਨੂੰ ਵੇਖਾਂ)

ਇਸ ਅੰਦੋਲਨ ਦੀ ਚਲਾਊ-ਸ਼ਕਤੀ (ਮੂਵਿੰਗ ਸਪਿਰਿਟ) ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸੁਨੇਹਾ ਸਮਾਏ ਹੋਣ ਦਾ ਤਰਕ ਮਿਸਾਲ ਬਣ ਕੇ ਆਇਆ ਹੈ - .... ਸਾਡੀ ਕਵਿਤਾ ਵਿਚ \ ਉਸ ਜ਼ਫ਼ਰਨਾਮੇ ਦੀ ਤਾਸੀਰ ਹੈ \ ਜਿਸ ਨੂੰ ਪੜ੍ਹ ਕੇ \ ਔਰੰਗਜ਼ੇਬਾਂ ਦੇ \ ਦਿਲਾਂ ਦੀ ਧੜਕਣ \ ਰੁਕ ਜਾਂਦੀ ਹੈ। (ਕਵਿਤਾ ਦੀ ਤਾਸੀਰ)। ਲੋਕ-ਰੋਹ ਦੀ ਅਗਨੀ ਦਾ ਸੇਕ ਜਦੋਂ ਕਵੀ-ਮਨ ਨੂੰ ਝੁਲਸਦਾ ਹੈ ਤਾਂ ਕਵਿਤਾ ਇਉਂ ਉੱਤਰਦੀ ਹੈ - ਮੇਰੀ ਅੱਖ`ਚੋਂ ਹੰਝੂ ਕਿਰਿਆ \ ਤਪਦੀ ਹਿੱਕ `ਤੇ ਡਿੱਗਿਆ \ ਤੇ ਭਾਂਬੜ ਬਣ ਉੱਠਿਆ \ ਬਗ਼ਾਵਤ। \ ਜਵਾਲਾਮੁਖੀ ਇਉਂ ਹੀ ਫੁਟਦੇ ਹਨ। (ਜਵਾਲਾਮੁਖੀ)। ਸੁਰਿੰਦਰ ਗੀਤ ਕਰਜ਼ੇ ਅਤੇ ਗੁਰਬਤ ਹੇਠ ਦੱਬੇ ਕਿਸਾਨ ਦੀ ਹਾਲਤ ਦਾ ਦਰਦਮਈ ਦ੍ਰਿਸ਼ ਇਉਂ ਪੇਸ਼ ਕਰਦੀ ਹੈ ਜਿਵੇਂ ਉਹ ਧਨੀ ਰਾਮ ਚਾਤ੍ਰਿਕ ਸਾਹਮਣੇ ਕੀਰਨੇ ਪਾਉਂਦੀ ਹੋਵੇ - ਜੱਟ ਮੰਡੀ`ਚੋਂ \ ਦਮਾਮੇ ਮਾਰਦਾ ਨਹੀਂ ਆਉਂਦਾ \ ਸਗੋਂ ਉਥੇ ਹੀ ਟਾਹਣ ਨਾਲ ਲਟਕ ਜਾਂਦਾ ਹੈ। (ਮੇਲਾ)। ਸੰਘਰਸ਼ੀ ਜੁਝਾਰੂਆਂ ਨੂੰ ਹਲੂਣਾ ਦੇਣ ਖਾਤਰ ਹੱਕ ਸੱਚ ਲਈ ਲੜ ਕੇ ਜਾਨਾਂ ਵਾਰਨ ਵਾਲੇ ਸੂਰਬੀਰਾਂ ਦੀ ਮਿਸਾਲ ਸਾਹਮਣੇ ਰੱਖਣੀ ਮੌਕੇ ਦੀ ਲੋੜ ਹੁੰਦੀ ਹੈ, ਤਦੇ ਤਾਂ ਲਿਖਿਆ ਹੈ - ਜੋ ਸਤਲੁਜ ਕੰਢੇ ਬਲ਼ਦਾ ਹੈ \ ਉਸ ਦੀਪ ਨੂੰ ਬਲ਼ਦੇ ਰੱਖਣਾ ਹੈ। (ਸਾਡਾ ਅੱਜ ਤੇ ਕੱਲ੍ਹ)। ਸੁਰਿੰਦਰ ਧੰਜਲ ਵੀ ਇਸੇ ਦੀਪ ਦੀ ਗੱਲ ਗੱਜ ਵੱਜ ਕੇ ਕਰਦਾ ਹੈ - ਦੀਵੇ ਜਗਦੇ ਰਹਿਣਗੇ। ਸ਼ਹਾਦਤਾਂ ਤੋਂ ਲਈ ਪ੍ਰੇਰਨਾ ਬਿਨਾ ਸੰਘਰਸ਼ ਨਹੀਂ ਲੜੇ ਜਾ ਸਕਦੇ।

ਇਸ ਅੰਦੋਲਨ ਵਿਚ ਬਹੁਤ ਵੱਡੀ ਗਿਣਤੀ ਵਿਚ ਹਰ ਉਮਰ ਦੀਆਂ ਔਰਤਾਂ ਦੀ ਸ਼ਮੂਲੀਅਤ ਨੇ ਪੱਕਾ ਕਰ ਦਿੱਤਾ ਕਿ ਉਨ੍ਹਾਂ ਦਾ ਸਰਗਰਮ ਯੋਗਦਾਨ ਯਕੀਨੀ ਜਿੱਤ ਦਾ ਪ੍ਰਤੀਕ ਹੈ। ਔਰਤਾਂ ਨੇ ਮਰਦਾਂ ਬਰਾਬਰ ਦਿੱਲੀ ਬਾਡਰਾਂ ਦੇ ਮੋਰਚਿਆਂ ਤੇ ਅੱਗੇ ਹੋ ਕੇ ਹਾਕਮ ਨੂੰ ਵੰਗਾਰਿਆ ਸੀ, ਜਿੱਥੇ ਹਰ ਪਾਸੇ ਬਸੰਤੀ ਰੰਗ ਦੀਆਂ ਚੁੰਨੀਆਂ ਦਾ ਹੜ੍ਹ ਆਇਆ ਹੋਇਆ ਸੀ -

ਰੰਗ ਬਸੰਤੀ ਇਨਕਲਾਬੀ \ ਭਗਤ ਸਿੰਘ ਦੀ ਪੱਗ ਦਾ

ਇਸ ਰੰਗ ਦਾ ਅੱਜ ਹੜ੍ਹ ਨੀ ਮਾਏ \ ਮੈਨੂੰ ਆਇਆ ਲੱਗਦਾ। (ਰੋਕ ਨਾ ਮਾਏ)

ਇਸ ਮਰਹਲੇ ਤੇ ਆ ਕੇ ਜਦੋਂ ਦੁਸ਼ਮਣ ਦੀ ਪਛਾਣ ਹੋ ਜਾਂਦੀ ਹੈ, ਹੱਕਾਂ ਦੀ ਸੋਝੀ ਪੈ ਜਾਂਦੀ ਹੈ, ਤਾਂ ਕਿਰਤੀ ਕਿਸਾਨ ਵਿਚਾਰਾ ਜਾਂ ਲਾਚਾਰ ਬਣ ਕੇ ਖ਼ੁਦਕੁਸ਼ੀ ਨਹੀਂ ਕਰਦਾ, ਸਗੋਂ ਦੁਸ਼ਮਣ ਨਾਲ ਦੋ ਹੱਥ ਕਰਨ ਲਈ ਅਤੇ ਜਿੱਤ ਦਾ ਵਿਸ਼ਵਾਸ ਧਾਰਨ ਕਰ ਕੇ ਲਲਕਾਰਦਾ ਹੈ - ਉਹ ਉੱਠ ਖਲੋਂਦਾ ਹੈ \ .... ਪਗੜੀ ਸੰਭਾਲ਼ਦਾ ਹੈ \ ... ਦਿੱਲੀ ਵੱਲ ਮੂੰਹ ਕਰ ਕੇ \ ਉੱਚੀ ਆਵਾਜ਼ ਵਿਚ ਆਖਦਾ ਹੈ \ ਅਸੀਂ ਲੜਾਂਗੇ \ ਅਸੀਂ ਮਰਾਂਗੇ \ ਅਸੀਂ ਜਿੱਤਾਂਗੇ। (ਲੜਾਂਗੇ ਤੇ ਜਿੱਤਾਂਗੇ)। ਬਿਲਕੁਲ ਇਹੋ ਭਾਵਨਾ ਇਸ ਸੰਗ੍ਰਾਮ ਦੌਰਾਨ ਬੜੀ ਤੀਬਰ ਹੋ ਕੇ ਉਭਰੀ ਸੀ ਅਤੇ ਜਿੱਤ ਪ੍ਰਾਪਤ ਕੀਤੀ ਸੀ।

ਜਦੋਂ ਵੀ, ਜਿੱਥੇ ਵੀ, ਜਿਵੇਂ ਵੀ, ਉਸ ਜੇਤੂ ਇਤਿਹਾਸਕ ਅੰਦੋਲਨ ਦੀ ਗੱਲ ਛਿੜੇਗੀ, ਸਮੂਹ ਲੋਕਾਂ ਦੇ ਯੋਗਦਾਨ ਦਾ ਅਤੇ ਨਾਲ ਹੀ ਇਨ੍ਹਾਂ ਦੋ ਸੁਰਿੰਦਰਾਂ ਦੀਆਂ ਇਨ੍ਹਾਂ ਪੁਸਤਕਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਿਕਰ ਆਉਣਾ ਸੁਭਾਵਿਕ ਹੈ। ਇੱਥੇ `ਕਲਾ ਕਲਾ ਲਈ` ਨਾ ਹੋ ਕੇ `ਕਲਾ ਲੋਕਾਂ ਲਈ` ਸਮਰਪਣ ਹੋਈ ਹੈ। ਇਹੋ ਕਲਾ, ਇਹੋ ਸਿਰਜਣਾ ਸਾਰਥਕ ਹੈ ਅਤੇ ਇਸ ਦੇ ਰਚਣਹਾਰੇ ਕਵੀ ਸਮੇਂ ਦੇ ਹਾਣੀ ਹੋ ਕੇ, ਮਾਨਵਤਾ ਪ੍ਰਤੀ ਪਵਿੱਤਰ ਫ਼ਰਜ਼ ਅਤੇ ਜ਼ਿੰਮੇਵਾਰੀ ਨਿਭਾ ਕੇ, ਸੰਘਰਸ਼ ਦਾ ਹਿੱਸਾ ਬਣ ਕੇ ਸੱਚ ਦੀ ਲਾਟ ਨੂੰ ਸਦਾ ਲਈ ਪ੍ਰਚੰਡ ਕਰ ਗਏ ਹਨ। ਮਾਨਵਤਾ ਅਜਿਹੇ ਕਵੀਆਂ ਤੇ ਸਦਾ ਮਾਣ ਕਰੇਗੀ ਜੋ ਕਵਿਤਾ ਨੂੰ ਗੰਧਲਚੌਦੇਂ ਵਿੱਚ ਰੁਲਣ ਤੋਂ ਬਚਾ ਕੇ ਇਸ ਨੂੰ ਮਨੁੱਖਤਾ ਦੇ ਵਿਕਾਸ ਅਤੇ ਭਲੇ ਦੇ ਲੇਖੇ ਲਾ ਰਹੇ ਹਨ।

ਇਸ ਸੰਦਰਭ ਵਿਚ ਇਹ ਦੋ ਸੁਰਿੰਦਰ ਸਾਡੇ ਲਈ ਮਾਣ ਦੇ ਪਾਤਰ ਹਨ।

# ਪੰਜਾਬੀ ਸਿਨੇਮੇ ਦੀ ਸਭ ਤੋਂ ਵੱਡੀ ਐਕਸ਼ਨ ਫਿਲਮ 'ਨਿਡਰ' :ਮੁਕੇਸ਼ ਰਿਸ਼ੀ

ਫਿਲਮ 'ਗਰਦਿਸ਼' ਨਾਲ ਅਭਿਨੈ ਖੇਤਰ 'ਚ ਆਏ ਮੁਕੇਸ਼ ਰਿਸ਼ੀ ਨੂੰ ਦਰਸ਼ਕਾਂ ਨੇ ਹਰੇਕ ਕਿਰਦਾਰ 'ਚ ਸਵੀਕਾਰ ਕੀਤਾ ਹੈ। ਭਾਰਤੀ ਫ਼ਿਲਮ ਅਭਿਨੇਤਾ ਮੁਕੇਸ਼ ਰਿਸ਼ੀ ਨੇ ਬੰਗਾਲੀ, ਪੰਜਾਬੀ, ਤਾਮਿਲ ,ਤੇਲਗੂ, ਕੰਨੜ, ਮਲਿਆਲਮ ਅਤੇ ਸਾਊਥ ਭਾਸ਼ਾਵਾਂ ਦੀਆਂ ਫ਼ਿਲਮਾਂ 'ਚ ਅਭਿਨੈ ਦਾ ਲੋਹਾ ਮਨਵਾਇਆ ਹੈ। ਅਭਿਨੇਤਾ ਮੁਕੇਸ਼ ਰਿਸ਼ੀ ਨੇ ਹਾਲ ਹੀ 'ਚ ਪੰਜਾਬੀ ਸਿਨੇਮੇ ਨਾਲ ਜੁੜਕੇ ਫਿਲਮ ਨਿਰਮਾਣ 'ਚ ਕਦਮ ਰੱਖਿਆ ਹੈ। ਇਸ ਗੱਲ ਦੀ ਮੁਕੇਸ਼ ਰਿਸ਼ੀ ਦੇ ਪ੍ਰਸੰਸ਼ਕਾਂ ਲਈ ਵੱਡੀ ਖ਼ੁਸ਼ਖਬਰੀ ਹੈ। ਬਤੌਰ ਨਿਰਮਾਤਾ ਮੁਕੇਸ਼ ਰਿਸ਼ੀ ਦੀ ਪੰਜਾਬੀ ਫਿਲਮ 'ਨਿਡਰ' ਨੂੰ 12 ਮਈ ਨੂੰ ਰਿਲੀਜ਼ ਹੋ ਰਹੀ ਹੈ। ਪੰਜਾਬ,ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਮੁਕੇਸ਼ ਰਿਸ਼ੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਪੰਜਾਬ ਦੀ ਮਿੱਟੀ ਨੂੰ ਦਿੱਲੋਂ ਪਿਆਰ ਕਰਦਾ ਹੈ। ਇਸ ਤੋਂ ਪਹਿਲਾ 'ਜੱਟ ਜੇਮਸ਼ ਬੌਂਡ','ਟੌਹਰ ਮਿਤਰਾਂ ਦੀ','ਵਾਰਿਸ਼ ਸ਼ਾਹ','ਮਿੱਤਰ ਪਿਆਰੇ ਨੂੰ ਹਾਲ ਮੁਰਿਦਾ ਦਾ ਕਹਿਣਾ', ਆਦਿ ਫ਼ਿਲਮਾਂ ਪੰਜਾਬੀ ਸਿਨੇਮੇ ਨੂੰ ਦਿੱਤੀਆਂ ਹਨ। ਇਹ 'ਨਿਡਰ' ਉਨ੍ਹਾਂ ਦੇ ਆਪਣੇ ਬੈਨਰ 'ਗੇੜੀ ਰੂਟ ਫਿਲਮਜ਼' ਦੀ ਇਹ ਪਹਿਲੀ ਫਿਲਮ ਹੈ। ਪੰਜਾਬੀ ਸਿਨੇਮੇ ਦੀ ਸਭ ਤੋਂ ਜ਼ਿਆਦਾ ਐਕਸ਼ਨ ਭਰਪੂਰ ਫਿਲਮ ਹੈ। ਉਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਉਨ੍ਹਾਂ ਦਾ ਬੇਟਾ ਪੰਜਾਬੀ ਫਿਲਮ ਇੰਡਸਟਰੀ ਵਿਚ ਜਬਰਦਸ਼ਤ ਐਂਟਰੀ ਨਾਲ ਆਪਣੀ ਪਹਿਚਾਣ ਬਣਾ ਸਕੇ। ਫਿਲਮ 'ਨਿਡਰ' ਜਰਿਏ ਆਪਣੇ ਬੇਟੇ ਰਾਘਵ ਰਿਸ਼ੀ ਦੀ ਬਤੌਰ ਹੀਰੋ ਪਾਲੀਵੁੱਡ 'ਚ ਐਂਟਰੀ ਕਰਵਾਉਣ ਜਾ ਰਹੇ ਹਨ। ਰਾਘਵ ਰਿਸ਼ੀ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਇਸ ਫਿਲਮ 'ਚ ਫ਼ੈਸ਼ਨ ਤੇ ਹਿੰਦੀ ਫਿਲਮਾਂ ਦੀ ਅਦਾਕਾਰਾ ਕੁਲਨੂਰ ਬਰਾੜ ਬਤੌਰ ਹੀਰੋਇਨ ਹੈ। ਕੁਲਨੂਰ ਬਰਾੜ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਫਿਲਮ ਦੇ ਡਾਇਰੈਕਟਰ ਮਨਦੀਪ ਸਿੰਘ ਚਾਹਲ ਹਨ। ਐਸ਼ੋਸੀਏਟ ਪ੍ਰੋਡਿਊਸਰ ਰਤਨ ਔਲਖ ਹਨ। ਫਿਲਮ ਦਾ ਗੀਤ,ਸੰਗੀਤ ਵੀ ਦਰਸ਼ਕਾਂ ਨੂੰ ਬੇਹੱਦ ਪਸੰਦ ਆਵੇਗਾ।



**ਕਾਲਾ ਸਿੰਘ ਸੈਣੀ**,99882-80386

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

# ਨਸ਼ਿਆਂ ਵਿਰੁੱਧ ਯੁੱਧ ਛੇੜੇਗਾ 'ਗਿੱਲ ਸਾਹਬ ਸਕੂਟਰ ਵਾਲਾ'






ਸਿਨਮਾ ਸਿਰਫ ਹਾਸੇ ਮਜਾਕ ਜਾਂ ਮਾਰਧਾੜ ਤੱਕ ਹੀ ਸੀਮਤ ਨਹੀਂ ਬਲਕਿ ਸਮਾਜ ਦੇ ਅਹਿਮ ਮੁੱਦਿਆਂ ਨੂੰ ਉਭਾਰਨ ਦਾ ਵੀ ਚੰਗਾ ਪਲੇਟਫਾਰਮ ਹੈ। ਪਰ ਅਫਸੋਸ ਬਹੁਤ ਘੱਟ ਫਿਲਮਾਂ ਬਣਦੀਆਂ ਹਨ ਜੋ ਸਮਾਜਿਕ ਕੁਰੀਤੀਆਂ ਖਿਲਾਫ ਆਵਾਜ ਉਠਾਉਣ ਦਾ ਸੁਨੇਹਾ ਦਿੰਦੀਆਂ ਹਨ। ਬਹੁਤੇ ਨਿਰਮਾਤਾ ਅਜਿਹੇ ਵਿਸ਼ਿਆਂ ਤੇ ਫਿਲਮ ਬਣਾਉਣ ਆਪਣਾ ਪੈਸਾ ਤੇ ਸਮਾਂ ਖਰਾਬ ਕਰਨ ਦੀ ਹੀ ਸੋਚ ਰੱਖਦੇ ਹਨ ਪ੍ਰੰਤੂ ਕੁਝ ਕੁ ਫਿਲਮਸ਼ਾਜ ਅਜਿਹੇ ਸਿਨਮਾ ਨੂੰ ਪ੍ਰਫੁੱਲਤ ਕਰਨ ਦੇ ਧਾਰਨੀ ਹਨ।

ਅਜਿਹੇ ਹੀ ਸਵੱਲੀ ਤੇ ਉਸਾਰੂ ਸੋਚ ਦੇ ਮਾਲਕ ਹਨ ਰਾਜੀਵ ਦਾਸ। ਰਾਜੀਵ ਦਾਸ ਪਿਛਲੇ ਲੰਮੇ ਸਮੇਂ ਤੋਂ ਛੋਟੇ ਤੇ ਵੱਡੇ ਪਰਦੇ ਤੇ ਕੰਮ ਰਹੇ ਹਨ। ਇੰਨ੍ਹੀਂ ਦਿਨੀਂ ਉਹ ਆਪਣੀ ਪਹਿਲੀ ਪੰਜਾਬੀ ਫਿ?ਲਮ 'ਗਿੱਲ ਸਾਹਬ ਸਕੂਟਰ ਵਾਲੇ' ਨਾਲ ਖੂਬ ਚਰਚਾ ਵਿਚ ਹੈ। ਰਾਜੀਵ ਦਾਸ ਬਤੌਰ ਲੇਖਕ, ਨਿਰਮਾਤਾ, ਨਿਰਦੇਸ਼ਕ ਇਸ ਫਿਲਮ ਨਾਲ ਜੁੜੇ ਹੋਏ ਹਨ। ਇਸ ਫਿਲਮ ਵਿਚ ਪੰਜਾਬੀ ਸਿਨਮੇ ਦੇ ਥੰਮ੍ਹ ਸਰਦਾਰ ਸੋਹੀ ਨੇ 'ਗਿੱਲ ਸਾਹਬ' ਦਾ ਕਿਰਦਾਰ ਨਿਭਾਇਆ ਹੈ। ਸ੍ਰੀ ਰਾਜੀਵ ਦਾਸ ਨੇ ਗੱਲਬਾਤ ਕਰਦੇ ਦੱਸਿਆ ਕਿ ਇਹ ਫਿਲਮ ਅੱਜ ਦੇ ਨੌਜਵਾਨਾਂ ਦੀ ਕਹਾਣੀ ਹੈ ਜੋ ਸਮਾਜ ਦੇ ਹਰ ਚੰਗੇ ਮਾੜੇ ਪਹਿਲੂਆ ਬਾਰੇ ਦਰਸ਼ਕਾਂ ਨੂੰ ਜਾਗੂਰਕ ਕਰੇਗੀ। ਮੌਜੂਦਾ ਦੌਰ ਵਿਚ ਨੌਜਵਾਨ ਆਪਣੇ ਸੁਨਿਹਰੇ ਭਵਿੱਖ ਦੀ ਤਲਾਸ਼ ਵਿਚ ਵਿਦੇਸ਼ਾ ਵੱਲ ਉਡਾਰੀ ਮਾਰ ਰਹੇ ਹਨ। ਨੌਜਵਾਨ ਮੁੰਡੇ ਕੁੜੀਆਂ ਡਿਗਰੀਆਂ-ਡਿਪਲੋਮੇ ਪ੍ਰਾਪਤ ਕਰ ਬੇਰੁਜਗਾਰ ਦੀ ਭੱਠੀ 'ਚ ਮੱਚ ਰਹੇ ਹਨ। ਮਾਪੇ ਆਪਣੀਆਂ ਨਸ਼ਲਾ ਬਚਾਉਣ ਲਈ ਉਪਜਾਊ ਫਸਲਾਂ ਦੀਆਂ ਕੁੱਖਾਂ ਵੇਚਣ ਲਈ ਮਜਬੂਰ ਹਨ। ਇਸ ਫਿਲਮ ਵਿਚ ਜਿੱਥੇ ਸਮਾਜਿਕ ਮੈਸ਼ਜ ਵੀ ਹੋਵੇਗਾ ਉੱਥੇ ਹਲਕੀ-ਫੁਲਕੀ ਪਰਿਵਾਰਕ ਕਾਮੇਡੀ, ਸੋਹਣਾ ਗੀਤ ਸੰਗੀਤ ਵੀ ਦਿਲਾਂ ਨੂੰ ਝੰਜੋੜਣ ਵਾਲਾ ਇਮੋਸ਼ਨਲ ਹੋਵੇਗਾ। ਇੰਡੋ ਕੀਵੀ ਫਿਲਮਜ ਦੇ ਬੈਨਰ ਹੇਠ ਬਣੀ ਇਸ ਫਿਲਮ ਵਿਚ ਅਮਰਿੰਦਰ ਬੌਬੀ ਤੇ ਅਮਰੀਨ ਸ਼ਰਮਾ ਦੀ ਜੋੜੀ ਤੋਂ ਇਲਾਵਾ ਸਰਦਾਰ ਸੋਹੀ, ਹੌਬੀ ਧਾਲੀਵਾਲ, ਬਲਬੀਰ ਬੋਪਾਰਾਏ, ਅਦਿੱਤੀ ਆਰੀਆ, ਹੈਪੀ ਗੋਸਲ, ਸੱਜਣ ਕਪੂਰ ਤੇ ਕੇ.ਕੇ. ਗਿੱਲ ਨੇ ਅਹਿਮ ਕਰਦਾਰ ਨਿਭਾਏ ਹਨ। ਫਿ?ਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨਪਲੇਅ ਰਾਜੀਵ ਦਾਸ ਤੇ ਕੇ.ਕੇ. ਗਿੱਲ ਨੇ ਲਿਖਿਆ ਹੈ। ਅਮਰਿੰਦਰ ਬੌਬੀ, ਬਲਬੀਰ ਬੋਪਾਰਾਏ, ਮੈਂਡੀ ਸੰਧੂ, ਦੀਪ ਅਟਵਾਲ ਤੇ ਤਰੁਣ ਮਲਿਕ ਨੇ ਇਸ ਫਿ?ਲਮ 'ਚ ਪਲੇਅ ਬੈਕ ਗਾਇਆ ਹੈ। ਇਸ ਫਿ?ਲਮ ਦੇ ਨਿਰਮਾਤਾ ਰਾਜੀਵ ਦਾਸ ਤੇ ਕੇ.ਕੇ. ਗਿੱਲ ਹਨ ਜਦਕਿ ਜੇ ਪੀ ਪਰਦੇਸੀ ਸਹਿ ਨਿਰਮਾਤਾ ਹੈ।

ਜ਼ਿਕਰਯੋਗ ਹੈ ਕਿ 19 ਮਈ ਨੂੰ ਰਿਲੀਜ ਹੋ ਰਹੀ ਇਹ ਫਿਲਮ ਅੱਜ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਦਾ ਉਪਰਾਲਾ ਹੈ ਕਿਉਂਕਿ ਪੰਜ ਦਰਿਆਵਾਂ ਦੀ ਧਰਤੀ ਤੇ ਅੱਜ ਛੇਵਾਂ ਦਰਿਆ ਨਸ਼ਿਆਂ ਦਾ ਵਗ ਰਿਹਾ ਹੈ ਜਿਸ ਵਿਚ ਮਾਵਾਂ ਤੇ ਜਵਾਨ ਪੁੱਤ ਨਿੱਤ ਦਿਨ ਡੁੱਬਦੇ ਜਾ ਰਹੇ ਹਨ। ਇਸ ਕਰਕੇ ਇਹ ਫਿਲਮ ਨਸ਼ਿਆਂ ਖਿਲਾਫ ਇੱਕ ਨਵੇਂ ਯੁੱਧ ਦਾ ਆਗਾਜ ਕਰੇਗੀ।

**ਸੁਰਜੀਤ ਜੱਸਲ**
9814607737

# ਜ਼ਹਿਰੀਲਾ ਮਾਰੂਥਲ ਬਣਨ ਵੱਲ ਵਧ ਰਿਹਾ ਪੰਜਾਬ ..

## ਆਓ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ ਤਾਂ ..







ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
9463463136

ਅੱਜ ਪੰਜਾਬ ਦੀ ਧਰਤੀ ਹੇਠਲੇ ਪਾਣੀ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਕਈ ਵਰ੍ਹੇ ਪਹਿਲਾਂ ਵਾਤਾਵਰਨ ਸਬੰਧੀ ਚਿੰਤਨ ਕਰਨ ਵਾਲੀਆਂ ਕੁਝ ਅਹਿਮ ਸਖਸ਼ੀਅਤਾਂਵਲੋਂ ਮੇਰੇ ਨਾਲ ਸਾਂਝੇ ਕੀਤੇ ਕੁਝ @ਦਰਦ ਰੂਪੀ ਨੁਕਤੇ@ ਜੋ ਧਰਤੀ ਹੇਠਲੇ ਘਟ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਸਨ ਅੱਜ ਵੀ ਵਰ੍ਹਿਆਂ ਬਾਅਦ ਮੇਰੇ ਜ਼ਿਹਨ ਤੇ ਆ ਕੇ ਤੈਰ ਰਹੇ ਹਨ। ਮੇਰੇ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ ਨੁਕਤਿਆਂ ਤੋਂ ਇਲਾਵਾ ਉਨ੍ਹਾਂ ਵੱਲੋਂ ਸਮਾਜ ਵਿੱਚ ਪਨਪ ਰਹੀਆਂ ਮਾੜੀਆਂ ਅਲਾਮਤਾਂ ਅਤੇ ਸਮਾਜ ਦੀ ਬਦਲ ਰਹੀ ਦਿਸ਼ਾ ਅਤੇ ਦਸ਼ਾ ਨੂੰ ਬਿਆਨ ਕਰਦਿਆਂ ਆਖਿਆ ਸੀ ਕਿ ਆਓ ਅਸੀਂ ਸਾਰੇ ਆਪਣੇ ਆਪ ਨੂੰ ਇੱਕ ਸਵਾਲ ਕਰੀਏ ਕਿ ਜੇਕਰ ਧਰਤੀ ਹੇਠਲਾ ਪਾਣੀ ਮੁੱਕ ਗਿਆ ਤਾਂ ਮਨੁੱਖੀ ਜੀਵਨ ਦਾ ਆਖ਼ਰ ਬਣੇਗਾ ਕੀ। ਉਨ੍ਹਾਂ ਅਹਿਮ ਸਾਹਿਤਕ ਹਸਤੀਆਂ ਵੱਲੋਂ ਪੰਜਾਬ ਦੀ ਆਉਣ ਵਾਲੀ ਭਵਿੱਖੀ ਦਾਸਤਾਨ ਨੂੰ ਬਿਆਨ ਕਰਦਿਆਂ ਇਕ ਵੱਡਾ ਸੱਚ ਚਿਤਵਿਆ ਸੀ। ਉਨ੍ਹਾਂ ਦਾ ਪੰਜਾਬ ਪ੍ਰਤੀ ਦਰਦ ਅੱਜ ਧਰਤੀ ਹੇਠਲੇ ਪਾਣੀ ਦੀ ਹਾਲਤ ਨੂੰ ਵੇਖ ਕੇ ਇਸ ਸਾਰੇ ਵਰਤਾਰੇ ਵਿੱਚੋਂ ਬਾਖ਼ੂਬੀ ਝਲਕਦਾ ਹੈ।

ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਲਈ ਵੀ ਅਹਿਮ ਅਤੇ ਸਖ਼ਤ ਫ਼ੈਸਲੇ ਲੈਣ ਦੀ ਲੋੜ ਹੈ। ਭਾਰਤ ਦੇ ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਅੰਦਰ ਪਾਣੀ ਦੀ ਕਿੱਲਤ ਨੂੰ ਲੈ ਕੇ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਮੱਧ ਪ੍ਰਦੇਸ਼ ਦਾ ਇਕ ਦੂਰ ਦੁਰਾਡੇ ਦਾ ਪੱਛੜਿਆ ਹੋਇਆ ਇਲਾਕਾ ਅਜਿਹਾ ਵੀ ਹੈ ਜਿੱਥੇ ਪਾਣੀ ਵਾਲੀ ਗੱਡੀ ਨੂੰ ਲੈ ਕੇ ਉਸ ਦਾ ਢੋਲ ਢਮੱਕੇ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਕਈ ਵਾਰ ਗੱਲ ਲਡ ?ਾਈਝਗੜ ?ਆਂ ਤੱਕ ਵੀ ਪਹੁੰਚ ਜਾਂਦੀ ਹੈ। ਸੋਚ ਕੇ ਹੀ ਰੂਹ ਕੰਬ ਜਾਂਦੀ ਹੈ ਕਿ ਮੌਜੂਦਾ ਸਮੇਂ ਪੰਜਾਬ ਅੰਦਰ ਤਾਪਮਾਨ 45 ਡਿਗਰੀ ਦੇ ਕਰੀਬ ਪਹੁੰਚ ਚੁੱਕਿਆ ਹੈ ਅਤੇ ਧਰਤੀ ਹੇਠਲਾ ਪਾਣੀ 150 ਫੁੱਟ ਤੋਂ ਜ਼ਿਆਦਾ ਹੇਠਾਂ ਵੱਲ ਚਲਿਆ ਗਿਆ। ਸਿਤਮ ਦੀ ਗੱਲ ਹੈ ਕਿ ਪਾਣੀ ਨੂੰ ਬਚਾਉਣ ਦੇ ਲਈ ਸਾਡੀ ਅਤੇ ਸਰਕਾਰਾਂ ਦੀ ਕਾਰਗੁਜ਼ਾਰੀ ਸਿਫ਼ਰ ਹੈ। ਸਰਕਾਰਾਂ ਸਿਰਫ਼ ਵੋਟਾਂ ਦੇ ਜਾਲ ਵਿੱਚ ਉਲਝ ਕੇ ਰਹਿ ਚੁੱਕੀਆਂ ਹਨ ਤੇ ਅਸੀਂ ਨਿੱਜ ਪ੍ਰਸਤੀ ਦੇ ਅਲਜ਼ਬਰੇ ਵਿੱਚ ਫਸ ਚੁੱਕੇ ਹਾਂ। ਇੱਕ ਰਿਪੋਰਟ ਮੁਤਾਬਕ ਬਦਲੇ ਹਾਲਾਤਾਂ ਦੇ ਚੱਲਦਿਆਂ ਅਸੀਂ ਲਗਪਗ ਲੰਘੇ 60 ਸਾਲਾਂ ਦੌਰਾਨ 100 ਫੁੱਟ ਤੋਂ ਜਿਆਦਾ ਪਾਣੀ ਖ਼ਤਮ ਕਰ ਦਿੱਤਾ ਹੈ ਅਤੇ ਸਿਰਫ਼ ਕੁਝ ਸਾਲਾਂ ਦਾ ਪਾਣੀ ਬਾਕੀ ਬਚਿਆ ਹੈ।

ਮੁਫ਼ਤ ਬਿਜਲੀ, ਪਾਣੀ ਨੇ ਸੂਬੇ ਦਾ ਸੱਤਿਆਨਾਸ ਕਰ ਦਿੱਤਾ ਹੈ। ਖੇਤਾਂ ਅੰਦਰ ਬੇ- ਸਮਝੀਵਸ ਧਰਤੀ ਦੀ ਹਿੱਕ ਨੂੰ ਠਾਰਨ ਦੇ ਲਈ 3-3 ਇੰਚੀਪਾਇਪਾਂ ਰਾਹੀਂ ਅੰਮ੍ਰਿਤ ਵਰਗਾ ਪਾਣੀ ਬਾਹਰ ਕੱਢ ਕੇ ਸੁੱਟਿਆ ਜਾ ਰਿਹਾ ਹੈ। ਬਾਰਸ਼ ਦੀ ਕਿਸੇ ਵੱਲੋਂ ਉਡੀਕ ਨਹੀਂ ਕੀਤੀ ਜਾ ਰਹੀ, ਧੜਾਧੜ ਮੋਟਰਾਂ ਚੱਲ ਰਹੀਆਂ ਹਨ। ਲੰਘੇ ਵਰ੍ਹੇ ਸਰਕਾਰ ਵੱਲੋਂ 18 ਜੂਨ ਤੋਂ ਝੋਨਾ ਲਗਾਉਣ ਦੀ ਹਦਾਇਤ ਦਾ ਕਿਸਾਨ ਯੂਨੀਅਨ ਵੱਲੋਂ ਡਟਵਾਂ ਵਿਰੋਧ ਕੀਤਾ ਗਿਆ। ਵੱਡੀਆਂ-ਵੱਡੀਆਂ ਫੈਕਟਰੀਆਂ ਅੰਦਰ ਟਨਾਂ ਦੇ ਹਿਸਾਬ ਨਾਲ ਪਾਣੀ ਧਰਤੀ ਦੀ ਹਿੱਕ ਨੂੰ ਪਾੜ ਕੇ ਜ਼ਹਿਰ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਕਈ ਪੈਸੇ ਦੇ ਪੁੱਤਰਾਂ ਵੱਲੋਂ ਚੰਦ ਛਿੱਲੜਾਂ ਖ਼ਾਤਰ ਜ਼ਹਿਰੀਲੇ ਕੈਮੀਕਲਾਂ ਨੂੰ ਬੋਰ ਕਰਕੇ ਧਰਤੀ ਅੰਦਰ ਪਹੁੰਚਦਾ ਕਰਨ ਨੂੰ ਆਪਣੀ ਚਲਾਕੀ ਮੰਨਿਆ ਜਾ ਰਿਹਾ ਹੈ। ਸਾਰੇ ਵਰਤਾਰੇ ਦੌਰਾਨ ਪਸ਼ੂਆਂ ਦੇ ਫਾਰਮਾਂ ਵਾਲਿਆਂ ਦੇ ਨਾਲ-ਨਾਲ ਕਾਰਾਂ, ਗੱਡੀਆਂ ਵਾਲੇ ਵੀਰ ਵੀ ਪਿੱਛੇ ਨਹੀਂ ਉਨ੍ਹਾਂ ਵੱਲੋਂ ਵੀ ਇੰਚੀ ਦੇ ਪਾਈਪਾਂ ਰਾਹੀਂ ਗੱਡੀਆਂ ਤੇ ਫਰਸ਼ ਤੋਂ ਗੋਹੇ ਨੂੰ ਪਾਣੀ ਦੇ ਨਾਲ ਧੋਣ ਦੀ ਗੱਲ ਆਮ ਹੋ ਚੁੱਕੀ ਹੈ। ਫਲੱਸਾਂ ਰਾਹੀਂ ਰੋਜ਼ਾਨਾ ਕਰੋੜਾਂ ਲੀਟਰ ਪਾਣੀ ਪਿੰਡਾਂ ਦੀਆਂ ਨਾਲੀਆਂ ਵਿੱਚੋਂ ਦੀ ਹੁੰਦਾ ਹੋਇਆ ਪਿੰਡਾਂ ਦੇ ਛੱਪੜਾਂ ਵਿਚ ਪਹੁੰਚ ਰਿਹਾ ਹੈ ਅਤੇ ਛੱਪੜ ਨੱਕੋ-ਨੱਕ ਭਰ ਚੁੱਕੇ ਹਨ। ਪਿੰਡਾਂ ਅਤੇ ਸ਼ਹਿਰਾਂ ਦੇ ਚੌਕ, ਚੁਰਾਹਿਆਂ ਅਤੇ ਸਰਕਾਰੀ ਇਮਾਰਤਾਂ ਵਿੱਚ ਲੱਗੀਆਂ ਟੂਟੀਆਂ ਤੇ ਮੋਟਰਾਂ ਨੇ ਵੀ ਪਾਣੀ ਦੇ ਨਾਲ ਆਪਣੀ ਚੰਗੀ ਦੁਸ਼ਮਣੀ ਕੱਢੀ ਹੈ ਜੋ ਅੱਜ ਵੀ ਜਾਰੀ ਹੈ। ਇਨ੍ਹਾਂ ਉਦਾਹਰਨਾਂ ਤੋਂ ਬਿਨਾਂ ਪਾਣੀ ਦੀ ਬਰਬਾਦੀ ਦੇ ਲਈ ਬਹੁਤ ਤੱਥ ਅਜਿਹੇ ਹਨ ਜਿਨ੍ਹਾਂ ਨੂੰ ਸੁਣ ਕੇ ਇਨਸਾਨ ਦੀ ਰੂਹ ਤੱਕ ਕੰਬ ਜਾਂਦੀ ਹੈ। ਮੈਨੂੰ ਨਹੀਂ ਲੱਗਦਾ ਕਿ ਸਾਡੇ ਇਸ ਹੱਦ ਤਕ ਪਾਣੀ ਦੇ ਦੁਸ਼ਮਣ ਬਣਨ ਦੇ ਬਾਅਦ ਆਉਣ ਵਾਲੀਆਂ ਨਸਲਾਂ ਲਈ ਪਾਣੀ ਦਾ ਕੋਈ ਤੁਪਕਾ ਬਚ ਸਕੇਗਾ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦੌਰਾਨ ਇਹ ਸਭ ਕੁਝ ਅਸੀਂ ਤਾਂ ਕਰ ਰਹੇ ਹਾਂ ਜੇਕਰ ਸਾਡੇ ਕੋਲ ਅੱਜ ਪਾਣੀ ਹੈ। ਜੇਕਰ ਕੱਲ੍ਹ ਨੂੰ ਸਾਡੇ ਕੋਲ ਪਾਣੀ ਹੀ ਨਾ ਰਿਹਾ ਤਾਂ ਅਸੀਂ ਇਹ ਗੱਲਾਂ ਬਾਤਾਂ ਤਾਂ ਦੂਰ ਦੀ ਗੱਲ, ਜ਼ਿੰਦਗੀ ਕਿਵੇਂ ਜਿਉਂ ਸਕਾਂਗੇ ਇਹ ਇੱਕ ਵੱਡਾ ਸਵਾਲ ਹੈ। ਕੀ ਇਸ ਧਰਤੀ ਤੇ ਪਾਣੀ ਬਿਨਾਂ ਜ਼ਿੰਦਗੀ ਸੰਭਵ ਹੈ ਸ਼ਾਇਦ ਇਸ ਦਾ ਉੱਤਰ ਨਾਂਹ ਵਿੱਚ ਮਿਲੇਗਾ ਪਰ ਸਮਝਣ ਨੂੰ ਕੋਈ ਵੀ ਤਿਆਰ ਨਹੀਂ। ਵਧੀਆ ਕਦਮ ਹੋਵੇਗਾ ਕਿ ਸਰਕਾਰ ਅਤੇ ਕਿਸਾਨ ਝੋਨੇ ਦੇ ਬੀਜ ਬਦਲ ਲੈਣ ,ਪਾਣੀ ਪ੍ਰਤੀ ਹਰ ਇਨਸਾਨ ਆਪਣੀ ਜ਼ਿੰਮੇਵਾਰੀ ਸਮਝ ਕੇ ਇਸ ਦੀ ਦੁਰਵਰਤੋਂ ਨਾ ਕਰੇ। ਜੇਕਰ ਧਰਤੀ ਤੇ ਪਾਣੀ ਹੀ ਨਾ ਰਿਹਾ ਤਾਂ ਫੈਕਟਰੀਆਂ ਕਿਵੇਂ ਚੱਲਣਗੀਆਂ। ਫਿਰ ਪਸ਼ੂਆਂ ਦੇ ਗੋਹੇ ਅਤੇ ਫਲੱਸਾਂ ਦਾ ਕੀ ਕਰਾਂਗੇ। ਕੀ ਕਾਰਾਂ, ਗੱਡੀਆਂ ਨੂੰ ਧੋਣ ਲਈ ਪਾਣੀ ਮਿਲ ਸਕੇਗਾ। ਖੇਤੀ ਕਿਵੇਂ ਹੋਵੇਗੀ। ਪਾਣੀ ਬਿਨਾਂ ਜ਼ਿੰਦਗੀ ਕਿਵੇਂ ਕੱਢਾਂਗੇ ਤੇ ਆਉਣ ਵਾਲੀਆਂ ਨਸਲਾਂ ਨੂੰ ਜਵਾਬ ਕੌਣ ਦੇਵੇਗਾ। ਭਾਵੇਂ ਇਹ ਸਵਾਲ ਬਹੁਤ ਵੱਡੇ ਹਨ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਨੂੰ ਕੋਈ ਵੀ ਤਿਆਰ ਨਹੀਂ। ਜੇਕਰ ਪਾਣੀ ਦੀ ਅਸਲ ਕੀਮਤ ਪਤਾ ਕਰਨੀ ਹੈ ਤਾਂ ਰਾਜਸਥਾਨ ਦੇ @ਕਾਤਲ ਟਿੱਬਿਆਂ@ ਵਿੱਚ ਦੁਪਹਿਰ ਸਮੇਂ ਇਕ ਗੇੜਾ ਜ਼ਰੂਰ ਮਾਰ ਆਓ ਤੁਹਾਨੂੰ ਪਾਣੀ ਦੀ ਕੀਮਤ ਦਾ ਅੰਦਾਜ਼ਾ ਆਪ ਹੀ ਲੱਗ ਜਾਵੇਗਾ। ਆਉ ਆਪਣੇ ਆਪ ਨੂੰ ਸਵਾਲ ਕਰੀਏ ਕਿ ਜੇਕਰ ਪਾਣੀ ਹੀ ਨਾ ਰਿਹਾ ਤਾਂ ਬਾਅਦ ਵਿੱਚ ਕੀ ਕਰਾਂਗੇ। ਚੰਗਾ ਹੋਵੇਗਾ ਜੇਕਰ ਸਰਕਾਰ, ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਭਾਈਚਾਰਾ ਸਮਾਂ ਰਹਿੰਦਿਆਂ ਸਿਰ ਜੋੜ ਕੇ ਇਸ ਅਹਿਮ ਮਸਲੇ ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲੈਣ ਜੋ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ।

# ਸੁਰਜਣ ਸਿੰਘ ਤੋਂ ਗ਼ੁਲਾਮ ਰਸੂਲ ਬਣਨ ਵਾਲੇ ਮਾਮਾ ਜੀ




ਵਿਸਾਖੀ ਤੇ ਖਾਲਸਾ ਸਥਾਪਨਾ ਦਿਵਸ ‘ਤੇ ਸਿੱਖ ਯਾਤਰੀਆਂ ਦੇ ਜਥੇ ਨਾਲ ਪਾਕਿਸਤਾਨ ਦੇ ਗੁਰਦਵਾਰਿਆਂ ਦੇ ਦਰਸ਼ਨਾਂ ਦੇ ਨਾਲ ਨਾਲ ਵਿਛੜੇ ਹੋਏ ਕੁਝ ਖ਼ੂਨ ਦੇ ਰਿਸ਼ਤਿਆਂ ਨੂੰ ਵੀ ਮਿਲਣ ਦਾ ਮੌਕਾ ਮਿਲਿਆ।

ਇੰਦਰਜੀਤ (ਮੇਰੀ ਪਤਨੀ) ਦੀ ਸਕੀ ਮਾਸੀ ਬਾਰੇ ਮੈਂ ਪਹਿਲਾਂ ਹੀ ਆਰਟੀਕਲ “ਨਨਕਾਣੇ ਵਾਲੀ ਮਾਸੀ“ ਵਿਚ ਜਾਂ ?ਕਰ ਕਰ ਚੁੱਕਾ ਹਾਂ ਜਿਹਨਾਂ ਦਾ ਟੱਬਰ ਨਨਕਾਣਾ ਸਾਹਿਬ ਕੋਲ ਸ਼ਰਕਪੁਰ ਰਹਿੰਦਾ ਹੈ। ਹੁਣ ਸਕੇ ਮਾਮੇ ਬਾਰੇ ਵੀ ਪਤਾ ਲੱਗਾ ਜਿਸ ਨੂੰ ਅਸੀਂ ਮਿਲ ਤਾਂ ਨਹੀਂ ਸਕੇ ਪਰ ਫੋਨ ‘ਤੇ ਦੋ ਤਿੰਨ ਵਾਰ ਗੱਲ ਹੋ ਗਈ ਸੀ।

ਮਾਸੀ ਸਭ ਤੋਂ ਛੋਟੇ ਪੁੱਤ ਸਰਫਰਾਜ਼, ਜੋ ਲਾਹੌਰ ਵਾਲੇ ਪੜਾਅ ਦੌਰਾਨ ਕਾਫੀ ਸਮਾਂ ਸਾਡੇ ਨਾਲ ਰਿਹਾ, ਨੇ ਦੱਸਿਆ ਕੇ ਮੇਰੀ ਅੰਮੀ, ਤਿੰਨ ਭੈਣਾਂ ਸਨ- ਸੰਮੋ, ਜਿੰਦੋ ਤੇ ਆਸੋ; ਤੇ ਉਹਨਾਂ ਦੇ ਚਾਰ ਭਰਾ ਸਨ-ਬਾਹਲਾ, ਫੱਜਾ, ਭਾਗਾ ਤੇ ਸੁਰਜਨ।

ਹੁਣ ਤਿੰਨੇ ਭੈਣਾਂ ਫੌਤ ਹੋ ਚੁਕੀਆਂ ਹਨ ਤੇ ਭਰਾਵਾਂ ‘ਚੋਂ ਇਕ ਸੁਰਜਨਣ ਹੀ ਜਿਓਂਦਾ ਹੈ। ਮਾਂ (ਮੇਰੀ ਸੱਸ) ਦੱਸਦੀ ਹੁੰਦੀ ਸੀ ਕਿ ਸੁਰਜਣ ਸਭ ਤੋਂ ਨਿੱਕਾ ਸੀ, ਮੈਂ ਓਹਨੂੰ ਖਿਡਾਉਂਦੀ ਹੁੰਦੀ ਸਾਂ, ਓਹਨੂੰ ਚੁੱਕੀ ਫਿਰਦੀ ਹੁੰਦੀ ਸਾਂ, ਨਿੱਕਾ ਹੋਣ ਕਰਕੇ ਮੈਨੂੰ ਬਹੁਤ ਪਿਆਰਾ ਸੀ।

ਅੱਲਾ ਦੇ ਫਜ਼ਲ ਨਾਲ ਮਾਸੀ ਆਸੋ ਦੇ ਪੰਜੇ ਪੁੱਤਰ ਖੈਰੀਅਤ ਨਾਲ ਹਨ, ਕਾਇਮ ਹਨ।

1947 ‘ਚ ਪਾਕਿਸਤਾਨ ਬਣਨ ਤੋਂ ਬਾਅਦ, ਸੰਮੋ ਇੰਡੀਆ ਆ ਕੇ ਦਲੀਪ ਕੌਰ ਤੇ ਪਾਕਿਸਤਾਨ ‘ਚ ਰਹਿ ਕੇ ਮਾਸੀ ਆਸੋ, ਅਫ਼ਸ਼ਾਂ ਬਣ ਗਈ: ਤੇ ਸੁਰਜਣ, ਗੁਲਾਮ ਰਸੂਲ ਹੋ ਗਿਆ।

ਆਸੋ ਤੇ ਜਿੰਦੋ ਪਾਕਿਸਤਾਨ ਵਿਚ ਫੌਤ ਹੋਈਆਂ; ਤੇ ਸੰਮੋ ਇੰਡੀਆ ਵਿਚ।

ਵਿਹਾੜੀ-ਮੁਲਤਾਨ ਵਿਚ ਰਹਿੰਦਿਆਂ ਸੰਮੋ, ਬਹਾਲ ਸਿੰਘ ਨਾਲ ਵਿਆਹੀ ਹੋਈ ਸੀ, ਜਿਹਦੇ ਬਾਕੀ ਭਰਾ ਸਨ - ਮਹਿਲ ਸਿੰਘ, ਬਹਾਲ ਸਿੰਘ, ਮਸਤਾਨ ਸਿੰਘ ਤੇ ਫੌਜਾ ਸਿੰਘ।

1947 ‘ਚ ਇਹਨਾਂ (ਸੰਮੋ-ਬਹਾਲ ਸਿੰਘ) ਦੇ ਦੋ ਨਿਆਣੇ ਵੀ ਸਨ। ਰੌਲਿਆਂ ਵੇਲੇ ਸੰਮੋ ਨੇ ਕਿਹਾ ਸੀ ਕਿ ਮੈਂ ਆਪਣੇ ਸਹੁਰੇ ਟੱਬਰ ਨਾਲ ਹਿੰਦੁਸਤਾਨ ਹੀ ਜਾਣਾ ਹੈ, ਜੇ ਮੈਂ ਇਥੇ ਰਹੀ ਤਾਂ ਮੁਸਲਮਾਨ ਬਣਨਾ ਪਾਊ, ਮੇਰੇ ਸਹੁਰੇ ਸਿੱਖ ਹਨ ਉਹ ਮੁਸਲਮਾਨ ਨਹੀਂ ਬਣ ਸਕਦੇ, ਸੋ ਸਾਰੇ ਭੈਣਾਂ ਭਰਾਵਾਂ ਨੂੰ ਛੱਡ ਕੇ ਸੰਮੋ, ਆਪਣੇ ਸਹੁਰੇ ਟੱਬਰ ਨਾਲ ਵਿਹਾੜੀ ਮੁਲਤਾਨ ਤੋਂ, ਫਿਰੋਜ਼ਪੁਰ-ਹਰੀਕੇ ਦੇ ਰਸਤੇ ਅਮ੍ਰਿਤਸਰ ਆ ਬੈਠੇ ਸਨ

ਸਾਡੀ ਅਪ੍ਰੈਲ 2023 ਵਾਲੀ ਇਸ ਧਾਰਮਿਕ ਯਾਤਰਾ ਦੌਰਾਨ ਅਸੀਂ, ਮਾਸੀ ਆਸੋ (ਅਫ਼ਸ਼ਾਂ) ਦੇ ਸਾਰੇ ਟੱਬਰ ਨੂੰ ਤਸੱਲੀ ਨਾਲ ਮਿਲੇ।

ਇਸ ਵੇਲੇ ਚੀਚਾ ਵਤਨੀ ਰਹਿ ਰਹੇ 91 ਸਾਲਾ ਮਾਮੇ ਸੁਰਜਨ ਨਾਲ ਫੋਨ ‘ਤੇ ਇੰਦਰਜੀਤ ਦੀ ਗੱਲ ਹੋਈ।

ਮਾਮੇ ਨੇ ਕਿਹਾ “ਪੁੱਤ ਮਿਲਣ ਨੂੰ ਤਾਂ ਬੜਾ ਜੀ ਕਰਦਾ ਪਰ ਵਡੇਰੀ ਉਮਰ ਕਰਕੇ ਬਸ ਜੰਗਲ ਪਾਣੀ ਈ ਮਸਾਂ ਜਾਨਾਂ; ਬਹੁਤਾ ਬੈਠਾ ਈ ਰਹਿਨਾਂ, ਤੇਰੇ ਨਾਲ ਗੱਲ ਕਰਕੇ ਮੈਨੂੰ ਲੱਗਣ ਡੇਹਾ ਪਈ ਮੈਂ ਸੰਮੋ ਨਾਲ ਈ ਗੱਲ ਕਰਨ ਡੇਹਾਂ, ਖੁਸ਼ ਰਹੋ ਮੌਲਾ ਵੱਡੀਆਂ ਉਮਰਾਂ ਕਰੇ।“

ਮਾਮੇ ਨੇ ਸਾਡੇ ਸਾਰੇ ਟੱਬਰ ਤੇ ਇੰਡੀਆ ਦੇ ਸਾਰੇ ਬਾਸ਼ਿੰਦਿਆਂ ਨੂੰ ਆਪਣੀਆਂ ਨੇਕ ਖਵਾਹਸ਼ਾਤ ਘੱਲੀਆਂ।

ਦੋ ਸ਼ਾਦੀਆਂ ‘ਚੋਂ ਮਾਮੇ ਸੁਰਜਣ ਉਰਫ ਗੁਲਾਮ ਰਸੂਲ ਦੇ ਅੱਠ ਨਿਆਣੇ ਹਨ। ਮਾਮੇ ਦੇ ਦੱਸਣ ਮੁਕਾਬਕ ਉਹ ਬੂਰੇਵਾਲਾ ਦੇ ਕੋਲ ਰਸੂਲਪੁਰ ਨੰਗਲ ‘ਚ ਭੇਡਾਂ ਬੱਕਰੀਆਂ ਦਾ ਤੇ ਵਾਹੀ ਬੀਜੀ ਦਾ ਕੰਮ ਕਰਦਾ ਰਿਹਾ ਹੈ। ਉਮਰ ਦੇ ਇਸ ਮਰਹਲੇ ‘ਚ ਉਹ ਆਪਣੇ ਇਕ ਪੁੱਤ ਕੋਲ ਰਹਿ ਰਿਹਾ ਹੈ ਚੀਚਾ ਵਤਨੀ ਰਹਿ ਰਿਹਾ ਹੈ।

ਦੋਹਵਾਂ ਮੁਲਕਾਂ ਦਰਮਿਆਨ ਸਰਹੱਦ ਦੀ ਲਕੀਰ ਖਿੱਚਣ ਤੇ ਖ਼ੂਨ ਦੇ ਇਹਨਾਂ ਰਿਸ਼ਤਿਆਂ ਨੂੰ ਵੱਖ ਕਰਨ ਵਾਲੇ ਰੈੱਡਕਲਿਫ ਨੇ ਕਦੀ ਸੋਚਿਆ ਵੀ ਨਹੀਂ ਹੋਣਾ ਕੇ ਉਹਨੇ ਕਿੱਡੀ ਵੱਡੀ ਗਲਤੀ ਕਰ ਦਿੱਤੀ ਹੈ।

“ਅੱਲਾ ਦੀਆਂ ਰੁਸ਼ਨਾਈਆਂ ਨੇ, ਧਰਤੀ ਜੇ ਸਾਰੀ ਰੱਬ ਦੀ ਇਹ ਲਕੀਰਾਂ ਕੀਹਨੇ ਵਾਹੀਆਂ ਨੇ .!”

ਡਾ. ਮਨਜੀਤ ਸਿੰਘ ਬੱਲ;
9872843491

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



# ਇੱਕ ਸਪਸ਼ਟ ਚੋਣ:



## ਡੇਨੀਅਲ ਸਮਿੱਥ ਤੇ ਯੂ ਸੀ ਪੀ :

- ਬਜ਼ੁਰਗਾਂ ਦੀ ਪੈਂਨਸ਼ਨ ਕੈਨੇਡਾ ਪੈਂਨਸ਼ਨ ਪਲੈਨ ਵਿੱਚੋਂ ਬਾਹਰ ਕੱਢਣਗੇ
- ਡਾਕਟਰ ਦੀ ਫ਼ੀਸ ਤੁਹਾਨੂੰ ਆਪਣੇ ਕੋਲ਼ੋਂ ਹੀ ਦਿੱਤੇ ਜਾਣ ਦੀਆਂ ਯੋਜਨਾਵਾਂ
- ਧੁਰ ਸੱਜੇ ਪੱਖੀਆਂ ਨੂੰ ਆਪਣਾ ਸਿਆਸੀ ਸਹਿਯੋਗੀ ਬਣਾਇਆ
- ਇੰਨਸ਼ੌਰੈਂਸ ,ਟਿਊਸ਼ਨ ਤੇ ਬਿਜਲੀ ਖ਼ਰਚਿਆਂ ਨੂੰ ਕੰਟਰੋਲ ਕਰਨ ਲਈ ਕੋਈ ਕਾਰਵਾਈ ਨਹੀਂ
- ਨਵੇਂ ਸਕੂਲ ਬਣਾਉਣ ਅਤੇ ਵਧੇਰੇ ਅਧਿਆਪਕਾਂ ਦੀ ਜ਼ਰੂਰਤ ਨੂੰ ਅਣਗੋਲਿਆਂ ਕੀਤਾ
- ਨਸਲਵਾਦ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਕੋਈ ਕਾਰਵਾਈ ਨਹੀਂ

## ਰੇਚਲ ਨੋਟਲੀ ਅਤੇ ਅਲਬਰਟਾ ਐਨ ਡੀ ਪੀ :

- ਬਜ਼ੁਰਗਾਂ ਦੀ ਪੈਂਨਸ਼ਨ ਨੂੰ ਕੈਨੇਡਾ ਪੈਂਨਸ਼ਨ ਪਲੈਨ ਵਿੱਚ ਸੁਰੱਖਿਅਤ ਰੱਖਣਾ
- ਪਬਲਿਕ ਹੈਲਥਕੇਅਰ ਵਿੱਚ ਸੁਧਾਰ , ਉਡੀਕ ਸੂਚੀ ਘਟਾਉਣ ਅਤੇ ਮੁਫ਼ਤ ਡਾਕਟਰੀ ਸੇਵਾਵਾਂ
- ਮਨੁੱਖੀ ਅਧਿਕਾਰਾਂ ਦੀ ਮਜ਼ਬੂਤੀ ਅਤੇ ਨਸਲਵਾਦ ਵਿਰੁੱਧ ਲੜਨਾ
- ਆਮਦਨ ਕਰ ਅਤੇ ਟਿਊਸ਼ਨ ਵਾਧੇ ਤੇ ਰੋਕ ; ਇਨਸ਼ੌਰੈਂਸ ਤੇ ਬਿਜਲੀ ਦਰਾਂ ਵਧਣ ਤੋਂ ਰੋਕਣਾ
- ਨਵੇਂ ਸਕੂਲ ਬਣਾਉਣੇ ਅਤੇ ਹੋਰ ਅਧਿਆਪਕ ਭਰਤੀ ਕਰਨਾ



Alberta NDP

**ਇਨ੍ਹਾਂ ਚੋਣਾਂ ਵਿੱਚ , ਰੇਚਲ ਨੋਟਲੀ ਅਤੇ ਅਲਬਰਟਾ ਐਨ ਡੀ ਪੀ : ਤੁਹਾਡੇ ਅਤੇ ਤੁਹਾਡੇ ਪ੍ਰੀਵਾਰ ਲਈ ਇੱਕ ਬਿਹਤਰ ਭਵਿੱਖ**

Authorized by Alberta NDP albertandp.ca

cope397

# ਐਨ ਡੀ ਪੀ ਕੋਲ ਯੂ ਸੀ ਪੀ ਨੂੰ ਨਿੰਦਣ ਤੋਂ ਬਿਨਾ ਕੋਈ ਭਵਿੱਖ ਦੀ ਯੋਜਨਾ ਨਹੀਂ ਹੈ : ਇੰਦਰ ਗਰੇਵਾਲ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ 29 ਮਈ 2023 ਨੂੰ ਹੋਣ ਜਾ ਰਹੀਆਂ ਅਸੰਬਲੀ ਚੋਣਾਂ ਦੌਰਾਨ ਕੈਲਗਰੀ ਨਾਰਥ ਈਸਟ ਤੋਂ ਯੂ ਸੀ ਪੀ ਦੇ ਉਮੀਂਦਵਾਰ ਇੰਦਰ ਗਰੇਵਾਲ ਨੇ ਬੀਤੀ 30 ਅਪ੍ਰੈਲ ਵਾਲੇ ਦਿਨ ਆਪਣੇ ਸਮਰਥਕਾਂ ਦੇ ਵੱਡੇ ਇਕੱਠ ਦੀ ਹਾਜਰੀ ਨੂੰ ਸੰਬੋਧਨ ਹੁੰਦਿਆਂ ਇਹ ਗੱਲ ਆਖੀ, ਕਿ ਐਨ ਡੀ ਪੀ ਵਾਲਿਆਂ ਕੋਲ ਅਲਬਰਟਾ ਦੇ ਭਵਿੱਖ ਲਈ ਕੋਈ ਯੋਜਨਾ ਨਹੀਂ ਹੈ ਉਹ ਤਾਂ ਸਿਰਫ ਸਾਨੂੰ ਭੰਡਣ ਉੱਪਰ ਹੀ ਲੱਗੇ ਹੋਏ ਹਨ। ਇੰਦਰ ਗਰੇਵਾਲ ਦਾ ਕਹਿਣਾ ਹੈ ਕਿ ਅਲਬਰਟਾ ਦੇ ਸੁਰੱਖਿਅਤ ਭਵਿੱਖ ਲਈ ਡੈਨੀਅਲ ਸਮਿੱਥ ਦੀ ਅਗਵਾਈ ਵਾਲੀ ਯੂ ਸੀ ਪੀ ਸਰਕਾਰ ਦੀ ਲੋੜ ਹੈ। ਆਪਣੇ ਹਲਕੇ ਵਿੱਚ ਸਕੂਲੀ ਮੰਗ ਦੀ ਪੂਰਤੀ ,ਅਤੇ ਸਿਹਤ ਸਬੰਧੀ ਸਹੂਲਤਾਂ ਨੂੰ ਉਹ ਜਿੱਤਣ ਉਪਰੰਤ ਪਹਿਲ ਦੇ ਅਧਾਰ ਉੱਪਰ ਹੱਲ ਕਰਨਗੇ। ਇਸ ਮੌਕੇ ਮੌਜੂਦਾ ਐਮ ਐਲ ਏ ਦਵਿੰਦਰ ਤੂਰ ਨੇ ਲਿਬਰਲ ਅਤੇ ਐਨ ਡੀ ਪੀ ਦੇ ਗੱਠਜੋੜ ਨੂੰ ਅਲਬਰਟਾ ਅਤੇ ਪੂਰੇ ਦੇਸ਼ ਲਈ ਖਤਰਨਾਕ ਆਖਿਆ। ਸਾਬਕਾ ਮੈਂਬਰ ਪਾਰਲੀਮੈਂਟ ਰਹੀ ਜੈਗ ਸਹੋਤਾ ਨੇ ਇਕੱਠ ਵਿੱਚ ਮੌਜੂਦ ਲੋਕਾਂ ਨੂੰ ਘੱਟੋ ਘੱਟ 5-5 ਵੋਟਾਂ ਪੋਲ ਕਰਵਾਉਣ ਦੀ ਜ਼ਿੰਮੇਬਾਰੀ ਚੁੱਕਣ ਲਈ ਹਲੂਣਿਆਂ। ਭੁੱਲਰ ਮੈਕਾਲ ਤੋਂ ਚੋਣ ਲੜ ਰਹੇ ਅਮਨਪ੍ਰੀਤ ਸਿੰਘ ਗਿੱਲ ਨੇ ਨਿੱਤ ਦਿਹਾੜੇ ਗੋਲੀਬਾਰੀ ਦੀਆਂ ਘਟਨਾਵਾਂ ਉੱਪਰ ਚਿੰਤਾ ਕਰਦਿਆਂ ਉਹਨਾਂ ਦੀ ਸਰਕਾਰ ਆਉਣ ਉਪਰੰਤ ਕੋਈ ਸਾਰਥਿਕ ਹੱਲ ਲੱਭਣ ਦਦਾ ਵਿਸਵਾਸ ਦਿਵਾਇਆ। ਪੰਮਾ ਬਨਵੈਤ ਅਤੇ ਬਲਵਿੰਦਰ ਸਹੋਤਾ ਤੋਂ ਇਲਾਵਾ ਕੈਲਗਰੀ ਦੀਆਂ ਹੋਰ ਵੀ ਨਾਮਵਰ ਸਖਸੀਅਤਾਂ ਨੇ ਮੰਚ ਉਪਰੋਂ ਯੂ ਸੀ ਪੀ ਦੀ ਸਰਕਾਰ ਬਣਾਉਣ ਲਈ ਬੇਨਤੀਆਂ ਕੀਤੀਆਂ । ਚੋਣ ਮੁਹਿੰਮ ਦੀ ਸੁਰੂਆਤ ਅਤੇ ਚੋਣ ਦਫਤਰ ਦੇ ਇਸ ਉਦਘਾਟਨੀ ਸਮਾਰੋਹ ਵਿੱਚ ਪੁੱਜੇ ਸਾਰੇ ਹੀ ਹਲਕਾ ਨਿਵਾਸੀਆਂ ਦਾ ਪਰੋਗਰਾਮ ਦੇ ਆਖੀਰ ਵਿੱਚ ਇੰਦਰ ਗਰੇਵਾਲ ਨੇ ਧੰਨਵਾਦ ਕੀਤਾ ਅਤੇ 29 ਮਈ ਨੂੰ ਆਪਣੇ ਲਈ ਵੋਟਾਂ ਦੀ ਮੰਗ ਵੀ ਕੀਤੀ। ਸਮੁੱਚੇ ਪਰੋਗਰਾਮ ਦੌਰਾਨ ਸਟੇਜ ਦਾ ਸੰਚਾਲਨ ਪ੍ਰਦੀਪ ਸਿੰਘ ਬੈਨੀਪਾਲ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।



# ਅਲਬਰਟਾ ਦਾ ਭਵਿੱਖ ਯੂ ਸੀ ਪੀ ਦੀ ਸਰਕਾਰ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹੈ - ਅਮਨਪ੍ਰੀਤ ਗਿੱਲ






















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੂਰੇ ਅਲਬਰਟਾ ਸੂਬੇ ਅੰਦਰ ਇਹਨੀ ਦਿਨੀ ਆਮ ਲੋਕਾਂ ਦੀ ਰਾਜਨੀਤਕ ਇਕੱਠਾਂ ਵਿੱਚ ਸਮੂਲੀਅਤ ਦਿਖਾਈ ਦੇ ਰਹੀ ਹੈ। ਇਹੋ ਜਿਹਾ ਹੀ ਇੱਕ ਇਕੱਠ ਬੀਤੇ ਦਿਨੀ 29 ਅਪਰੈਲ 2023 ਨੂੰ ਕੈਲਗਰੀ ਦੇ ਹਲਕਾ ਭੁੱਲਰ ਮੈਕਾਲ ਹਲਕੇ ਵਿੱਚ ਵੇਖਣ ਨੂੰ ਮਿਲਿਆ। ਇਸ ਇਕੱਠ ਵਿੱਚ ਕੈਲਗਰੀ ਦੇ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਦਾ ਸਾਬਕਾ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ ਵੋਟਾਂ ਮੰਗ ਰਿਹਾ ਸੀ। ਜੇਕਰ ਇਕੱਠ ਦੀ ਗੱਲ ਕਰੀਏ ਤਾਂ ਤਿਲ ਸੁੱਟਣ ਨੂੰ ਥਾਂ ਨਹੀਂ ਸੀ ਨੀਲੇ ਰੰਗ ਦੇ ਬੈਨਰਾਂ ਅਤੇ ਪਾਰਟੀ ਵਰਕਰਾਂ ਦੇ ਪਾਈਆਂ ਨੀਲੇ ਰੰਗ ਦੀਆਂ ਟੀ ਸ਼ਰਟਾਂ ਨੀਲੇ ਅਸਮਾਨ ਨਾਲ ਇਕਮਿੱਕ ਹੁੰਦੀਆਂ ਜਾਪ ਰਹੀਆਂ ਸਨ ਪਰ ਇੱਕ ਆਪਣੇ ਅਸੂਲਾਂ ਤੋਂ ਥਿੜਕਿਆ ਲਾਲ ਰੰਗ ਵਾਲਾ ਆਪੂੰ ਬਣਿਆ ਮੱਦਦਗਾਰ ਵੀ ਇਸ ਚੋਣ ਰੈਲੀ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਸੀ। ਮੰਚ ਉਪਰੋਂ ਮੌਜੂਦਾ ਸਰਕਾਰ ਵਿੱਚ ਮੰਤਰੀ ਰਾਜਨ ਸਾਹਨੀ ਨੇ ਅਮਨਪ੍ਰੀਤ ਸਿੰਘ ਲਈ ਵੋਟਾਂ ਦੀ ਮੰਗ ਕਰਦਿਆਂ ਕਿਹਾ ਕਿ ਅਸੀਂ ਇਹਨਾਂ ਨੂੰ ਸਿਰਫ ਐਮ ਐਲ ਏ ਹੀ ਨਹੀਂ ਬਣਾਉਣਾ ਸਗੋਂ ਅੱਗੇ ਵੀ ਲੈਕੇ ਜਾਣਾ ਹੈ ਤਾਂ ਹਾਜਿਰ ਲੋਕ ਅੰਦਾਜਾ ਲਗਾ ਰਹੇ ਸਨ ਕਿ ਅਗਲੀ ਸਰਕਾਰ ਵਿੱਚ ਅਮਨਪ੍ਰੀਤ ਸਿੰਘ ਜਰੂਰ ਮੰਤਰੀ ਵੀ ਬਣੇਗਾ। ਮੌਜੂਦਾ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ ਅਤੇ ਐਮ ਐਲ ਏ ਦਵਿੰਦਰ ਤੂਰ ਨੇ ਅਮਨਪ੍ਰੀਤ ਸਿੰਘ ਨੂੰ ਵੋਟਾਂ ਪਾਕੇ ਕਾਮਯਾਬ ਕਰਨ ਦੀ ਅਪੀਲ ਕੀਤੀ। ਮੰਚ ਉਪਰੋਂ ਵੱਡੇ ਇਕੱਠ ਨੂੰ ਅਪੀਲ ਕਰਦਿਆਂ ਅਮਨਪ੍ਰੀਤ ਸਿੰਘ ਨੇ ਆਪਣੇ ਲਈ ਵੋਟਾਂ ਦੀ ਮੰਗ ਕੀਤੀ ਉਹਨਾਂ ਕਿਹਾ ਕਿ ਅਲਬਰਟਾ ਦਾ ਭਵਿੱਖ ਡੇਨੀਅਲ ਸਮਿੱਥ ਦੀ ਅਗਵਾਈ ਯੂ ਸੀ ਪੀ ਸਰਕਾਰ ਦੇ ਹੱਥਾਂ ਵਿੱਚ ਹੀ ਸੁਰੱਖਿਅਤ ਹੈ। ਉਹਨਾਂ ਕਿਹਾ ਐਨ ਡੀ ਪੀ ਸਿਹਤ ਸਬੰਧੀ ਝੂਠਾ ਪਰਚਾਰ ਕਰਕੇ ਸਾਡੀ ਪਾਰਟੀ ਪ੍ਰਤੀ ਹਊਆ ਖੜਾ ਕਰ ਰਹੀ ਹੈ। ਛੋਟੀਆਂ ਕੰਪਨੀਆਂ ਪ੍ਰਤੀ ਹੋਰ ਟੈਕਸ ਨਹੀਂ ਵਧਾਇਆ ਜਾਵੇਗਾ। ਇਸ ਮੌਕੇ ਕੈਲਗਰੀ ਦੇ ਵੱਡੇ ਵੱਡੇ ਵਿਓਪਾਰੀ ਚਿਹਰਿਆਂ ਦਾ ਇਸ ਰੈਲੀ ਵਿੱਚ ਹਾਜਰੀ ਭਰਨਾ ਅਮਨਪ੍ਰੀਤ ਗਿੱਲ ਦੀ ਜਿੱਤ ਨੂੰ ਯਕੀਨ ਵਿੱਚ ਬਦਲ ਰਿਹਾ ਸੀ।



# ਸਿਹਤ ਸਹੂਲਤਾਂ,ਇੰਸੋਰੈਂਸ ਅਤੇ ਚੰਗੇ ਸਮਾਜ ਦੀ ਸਿਰਜਣਾ ਦਾ ਸੰਕਲਪ ਲੈਂਦਿਆਂ ਪਰਮੀਤ ਸਿੰਘ ਬੋਪਾਰਾਇ ਨੇ ਵੋਟਾਂ ਦੀ ਮੰਗ ਕੀਤੀ



















ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ। ਮੌਜੂਦਾ ਸੱਤਾਧਾਰੀ ਪਾਰੀ ਅਤੇ ਯੂ ਸੀ ਪੀ ਵਿਚਾਲੇ ਸਿੱਧੀ ਟੱਕਰ ਹੈ। ਇਸ ਸਿੱਧੀ ਟੱਕਰ ਵਿੱਚ ਪਿਛਲੀਆਂ ਚੋਣਾਂ ਦੌਰਾਨ ਮੌਜੂਦਾ ਐਮ ਐਲ ਏ ਦਵਿੰਦਰ ਤੂਰ ਨੂੰ ਸਭ ਨਾਲੋਂ ਵੱਧ ਫਸਵੀਂ ਟੱਕਰ ਦੇਣ ਵਾਲਾ ਪਰਮੀਤ ਸਿੰਘ ਬੋਪਾਰਾਇ ਇਸ ਵਾਰ ਫਿਰ ਚੋਣ ਮੈਦਾਨ ਵਿੱਚ ਹੈ। ਉਸਦਾ ਦਾਅਵਾ ਹੈ ਕਿ ਇਸ ਵਾਰ ਤਾਂ ਗੱਲ ਬਣੂੰ ਹੀ ਬਣੂੰ। ਆਪਣੀ ਚੋਣ ਮੁਹਿੰਮ ਦਾ ਆਗਾਜ ਕਰਦਿਆਂ ਪਰਮੀਤ ਸਿੰਘ ਬੋਪਾਰਾਇ ਨੇ ਬੀਤੀ 30 ਅਪ੍ਰੈਲ ਦੁਪਹਿਰ ਨੂੰ ਆਪਣੇ ਹਲਕੇ ਦੇ ਵੋਟਰਾਂ ਨਾਲ ਮਿਲਣੀ ਦਾ ਪਰੋਗਰਾਮ ਵਾਈਟਹਾਰਨ ਕਮਿਓਨਿਟੀ ਹਾਲ ਵਿਖੇ ਰੱਖਿਆ ਹੋਇਆ ਸੀ। ਪੰਜਾਬੀ ਭਾਈਚਾਰੇ ਅਤੇ ਹੋਰ ਦੂਸਰੇ ਭਾਈਚਾਰਿਆਂ ਦੀ ਵੱਡੀ ਗਿਣਤੀ ਵਿੱਚ ਹਾਜਰੀ ਪਰਮੀਤ ਸਿੰਘ ਦੇ ਉਜਲੇ ਭਵਿੱਖ ਦੀ ਗਵਾਹੀ ਭਰ ਰਹੀ ਸੀ। ਮੌਜੂਦਾ ਐਮ ਐਲ ਏ ਇਰਫਾਨ ਸਾਬੀਰ ਤੋਂ ਇਲਾਵਾ ਹੋਰ ਦੂਸਰੇ ਹਲਕਿਆਂ ਤੋਂ ਚੋਣ ਲੜ ਰਹੇ ਉਮੀਦਵਾਰ ਵੀ ਪਰਮੀਤ ਸਿੰਘ ਦੀ ਹਮਾਇਤ ਵਿੱਚ ਪੁੱਜੇ ਹੋਏ ਸਨ। ਇਸ ਮੌਕੇ ਪਰਮੀਤ ਸਿੰਘ ਬੋਪਾਰਾਇ ਨੇ ਆਪਣੇ ਹਲਕੇ ਦੇ ਵੋਟਰਾਂ ਨੂੰ ਸੰਬੋਧਿਤ ਹੁੰਦਿਆਂ ਉਹਨਾਂ ਦੀ ਸਰਕਾਰ ਬਣਨ ਉਪਰੰਤ ਚੰਗੀਆਂ ਸਿਹਤ ਸਹੂਲਤਾਂ, ਇੰਸੋਰੈਂਸ ਦੇ ਖੇਤਰ ਵਿੱਚ ਨਾ ਬਰਾਬਰੀ, ਨਿੱਤ ਦਿਹਾੜੇ ਦੀ ਜ਼ਿੰਦਗੀ ਦਾ ਨਿਰਬਾਹ ਕਰਨ ਦੀਆਂ ਮੌਜੂਦਾ ਸਮੇਂ ਦਰਪੇਸ਼ ਮਸਕਿਲਾਂ ਦੇ ਹੱਲ ਦਾ ਵਾਅਦਾ ਕਰਦਿਆਂ ਆਪਣੇ ਲਈ ਵੋਟ ਦੀ ਮੰਗ ਕੀਤੀ।

















# ਹੁਣੇ ਮੂਵ ਹੋਣ ਲਈ ਘਰ ਉਪਲੱਬਦ ਹਨ

## ਸਿੰਗਲ ਫੈਮਿਲੀ ਲੇਨਡ ਹੋਮਜ਼

ਸਾਡੇ ਆਧੁਨਿਕ ਅਤੇ ਵਿਸ਼ਾਲ ਸਿੰਗਲ ਫੈਮਿਲੀ ਅਤੇ ਡੁਪਲੈਕਸ ਹੋਮਸ ਸਾਊਥ ਪੁਆਇੰਟ ਦੇ 70-ਏਕੜ ਮਾਸਟਰ ਪਲੈਨਡ ਕਮਿਊਨਿਟੀ 'ਤੇ ਏਅਰਡਰੀ ਦੇ ਦਿਲ ਵਿੱਚ ਉੱਚ ਪੱਧਰੀ, ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

ਸਾਰੇ ਲੇਨ ਵਾਲੇ ਅਤੇ ਡੁਪਲੈਕਸ ਛੇਤੀ ਛੇਤੀ ਕਬਜ਼ੇ ਵਾਲੇ ਘਰਾਂ ਵਿੱਚ ਸ਼ਾਮਲ ਹਨ:

- 9 ਫੁੱਟ ਉੱਚੀ ਬੇਸਮੈਂਟ
- ਸਾਰੇ ਘਰ ਵਿੱਚ ਕੁਆਰਟਜ ਕਾਊਂਟਰ ਟੌਪ
- ਲਗਜਰੀ ਵਾਈਨਲ ਪਲੈਂਕ ਫਲੋਰਿੰਗ
- ਕਿਚਨ ਵਿੱਚ ਐਲ ਈ ਡੀ ਪੌਟ ਲਾਈਟ ਪੈਕਿਜ
- ਬੇਸਮੈਂਟ ਦਾ ਸਾਈਡ ਦਰਵਾਜਾ (ਸਿਰਫ ਲੇਨਡ ਹੋਮਜ਼ ਲਈ)









## ਫ੍ਰੀਹੋਲਡ ਰੋਅ ਹੋਮਜ਼

ਸਾਡੇ ਘਰਾਂ ਵਿੱਚੋਂ ਸਭ ਤੋਂ ਆਲੀਸ਼ਾਨ ਅਤੇ ਵਰਤੋਂ ਯੋਗ ਘਰ ਜੋ ਤੁਹਾਡੇ ਪਰਿਵਾਰ ਦੀ ਲੋੜ ਨੂੰ ਪੂਰਾ ਕਰਦੇ ਹਨ। ਵਿਸ਼ੇਸ਼ ਧਿਆਨ ਨਾਲ ਡਿਜ਼ਾਈਨ ਕੀਤੇ ਗਏ ਇਹ ਘਰ 1,599 ਸਕੇਅਰ ਫੁੱਟ ਤੋਂ ਲੈਕੇ 1,727 ਸਕੇਅਰ ਫੁੱਟ ਤੱਕ ਇਸ ਵਿੱਚ ਸ਼ਾਮਲ ਹਨ :-

- 3 ਬੈੱਡਰੂਮ + ਦਫਤਰ
- 2.5 ਬਾਥਰੂਮ
- ਡਬਲ ਡੀਟੈਚਡ ਗੈਰੇਜ + ਪੂਰਾ ਕੰਕਰੀਟ ਡਰਾਈਵਵੇਅ
- ਅੱਗੇ ਅਤੇ ਪਿੱਛੇ ਪੂਰੀ ਤਰ੍ਹਾਂ ਲੈਂਡਸਕੇਪਡ
- + ਵਿਹੜੇ ਵਿੱਚ ਫੈਂਸ
- ਘਰ ਦੇ ਸਾਹਮਣੇ ਪਾਰਕ ਵਿੱਚ ਵੀ



SHOWHOMES NOW OPEN 403.980.1979 | VESTASOUTHPOINT.COM
600 South Point Heath SW, Airdrie, AB

VESTA PROPERTIES



ਇਹ ਅਟੱਲ ਸੱਚਾਈ ਹੈ ਕਿ
ਇਸ ਜਹਾਨੋ ਹਰ ਕਿਸੇ ਨੇ ਤੁਰ ਜਾਣਾ ਹੈ।
ਇਸ ਦੁਖਦਾਈ ਘੜੀ ਵਿੱਚ ਸਾਡਾ ਸਟਾਫ ਤੁਹਾਡੇ ਦੁੱਖ ਦਰਦ
ਨੂੰ ਮਹਿਸੂਸ ਕਰਦਾ ਹੋਇਆ ਤੁਹਾਡਾ ਖਿਆਲ ਰੱਖਦਾ ਹੈ
600 ਲੋਕਾਂ ਦੇ ਬਹਿਣ ਦੀ ਜਗ੍ਹਾ
ਵੀਲ ਚੇਅਰ, ਲਿਫਟ, ਖੁੱਲੀ ਕਾਰ ਪਾਰਕਿੰਗ,ਦੀ ਸਹੂਲਤ
ਤੁਸੀਂ ਖੁਦ ਆਪਣੀ ਇਸ ਆਖਰੀ ਘੜੀ ਦੀਆਂ ਰਸਮਾਂ ਸਬੰਧੀ ਪਹਿਲਾਂ ਹੀ ਪੈਕੇਜ ਲੈਕੇ ਮਰਨ ਉਪਰੰਤ ਤੁਹਾਡੇ ਪਿੱਛੇ ਰਹਿ ਗਏ ਪਿਆਰਿਆਂ ਦਾ ਦੁਖਦਾਈ ਆਰਥਿਕ ਬੋਝ ਘੱਟ ਕਰਨ ਵਿੱਚ ਮੱਦਦ ਕਰ ਸਕਦੇ ਹੋ !
PARK PLACE FUNERAL HOME
CHAPEL & CREMATORIUM LTD.
51 Broadway Blvd.
Ph. 417 - 8000 24 hrs.
ਐਡਮਿੰਟਨ ਅਤੇ ਪੂਰੇ ਕਨੇਡਾ ਭਰ ਵਿੱਚੋਂ ਤੁਸੀਂ ਸਾਡੀਆਂ ਸੇਵਾਵਾਂ ਲੈ ਸਕਦੇ ਹੋ !
ਸਾਰੇ ਧਰਮਾਂ ਦੀਆਂ ਰੀਤੀਆਂ ਅਨੁਸਾਰ ਅੰਤਿਮ ਰਸਮਾਂ ਪੂਰੀਆ ਕਰਨ ਲਈ ਸਾਡਾ ਸਟਾਫ ਬਚਨਵੱਧ ਹੈ।
ਜੇਕਰ ਮ੍ਰਿਤਕ ਦੇਹ ਦਾ ਸਸਕਾਰ ਬਾਹਰ ਕਿਤੇ ਵੀ ਕਿਸੇ ਵੀ ਮੁਲਕ ਲੈ ਜਾਕੇ ਕਰਨ ਦੀ ਅਗਰ ਤੁਹਾਡੀ ਇੱਛਾ ਹੈ ਤਾਂ ਅਸੀਂ ਪੂਰਾ ਪੇਪਰ ਵਰਕ ਕਰਨ ਵਿੱਚ ਤੁਹਾਡੀ ਮੱਦਦ ਕਰਦੇ ਹਾਂ।
Satvir Kaur Brar, (780)417-8000, 780 267 3500 Parkfuneral@gmail.com 51, Broadway Blvd. Sherwood Park, AB T8H 2C1




2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"




BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com